SIL/CS **Date: 17.11.2026**

The Manager Listing Department BSE Limited Phiroze Jeejeebhoy Towers Dalal Street Mumbai-400001	The Manager, Listing Department, National Stock Exchange of India Ltd, Exchange Plaza, Plot No. C/1, G-Block, Bandra Kurla Complex, Bandra (East), Mumbai-400051
Scrip Code: 539201	Symbol: SATIA

Subject: Submission of newspaper cutting of Standalone Unaudited Financial Results for the Quarter and Half Year ended on September 30, 2026

Dear Sir,

Pursuant to provisions of SEBI (Listing Obligation and Disclosure Requirements) Regulation, 2015. We are enclosing herewith copies of Newspaper cutting of Standalone Unaudited Financial Result for the Quarter and Half Year ended 30.09.2026 Published in "FINANCIAL EXPRESS and PUNJABI JAGRAN" on November 14, 2026.

This is for your information and record please.

Thanking You,

Yours Faithfully,
For Satia Industries Ltd

Rakesh Kumar Dhuria
Digitally signed by Rakesh Kumar Dhuria
Date: 2026.11.17 11:17:21 +05'30'

(Rakesh Kumar Dhuria)
Company Secretary

SATIA INDUSTRIES LIMITED

Regd. Office & Mill :VPO Rupana, Distt. Shri Muktsar Sahib 152032 (Punjab) India, CIN : L21012PB1980PLC004329, Phone No : 01633-262215, Website : www.satiagroup.com, E Mail: satiapaper@satiagroup.com

UNAUDITED FINANCIAL RESULTS FOR THE QUARTER AND YEAR ENDED 30TH SEPTEMBER, 2026

The Unaudited (Standalone) Financial Results of the Company for the Quarter and Year ended 30th September, 2026 have been reviewed by The Audit Committee and approved by the Board of Directors of the Company at their respecting meeting held on 13th November 2026.The full Unaudited Financial Results along with the Limited Review Report are available on the websites of the Stok Exchanges at www.bseindia.com and www.nseindia.com.The Results have been posted at the website of the company https://www.satiagroup.com/wp-content/uploads/2026/11/Outcome-13.11.2026.pdf and can be accessed by scanning given QR code.The above information is in accordance with Regulation 33 read with Regulation 47(1) of amended SEBI (Listing Obligation and Disclosure Requirements) Regulations, 2015.

Date: 13-11-2026
Place: Chandigarh

By Order of the Board of Directors
For Satia Industries Limited
Sd/-(Rajinder Kumar Bhandari)
Joint Managing Director

"IMPORTANT"

Whilst care is taken prior to acceptance of advertising copy, it is not possible to verify its contents. The Indian Express (P) Limited cannot be held responsible for such contents, nor for any loss or damage incurred as a result of transactions with companies, associations or individuals advertising in its newspapers or Publications. We therefore recommend that readers make necessary inquiries before sending any monies or entering into any agreements with advertisers or otherwise acting on an advertisement in any manner whatsoever.

INDO FARM EQUIPMENT LIMITED

AN ISO 9001 : 2015 CERTIFIED COMPANY

Registered Office: SCO 859, NAC Manimajra, Chandigarh-Kalka Road, Chandigarh – 160101
Ph.:0172-2730060, E-mail: compliance@indofarm.in, Web: www.indofarm.in
CIN: L29219CH1994PLC015132

Extract of Statement of Unaudited Financial Results for the Quarter and Half Year ended on September 30, 2026

(Rs. In Lakhs)

Sr. No.	PARTICULARS	Standalone						Consolidated					
		Quarter Ended			Six Months Ended		Year Ended	Quarter Ended			Six Months Ended		Year Ended
		30.09.2026 (Unaudited)	30.06.2026 (Unaudited)	30.09.2025 (Unaudited)	30.09.2026 (Unaudited)	30.09.2025 (Unaudited)	31.03.2026 (Audited)	30.09.2026 (Unaudited)	30.06.2026 (Unaudited)	30.09.2025 (Unaudited)	30.09.2026 (Unaudited)	30.09.2025 (Unaudited)	31.03.2026 (Audited)
1	Total Income from Operations (Net)	10,896.10	10,493.21	9,906.15	21,389.31	19,031.96	41,953.84	11,459.46	11,024.30	10,389.47	2,28,483.76	20,015.59	44,002.05
2	Net Profit/ (Loss) for the period (before Tax and Exceptional Items)	684.87	705.92	645.09	1,390.79	1,284.27	3,113.83	787.20	783.81	716.98	1,571.01	1,468.89	3,491.08
3	Net Profit/ (Loss) for the period before Tax (after Exceptional Items)	684.87	705.92	645.09	1,390.79	1,284.27	3,113.83	787.20	783.81	716.98	1,571.01	1,468.89	3,491.08
4	Net Profit/ (Loss) for the period after tax (after Exceptional Items)	462.12	505.76	443.81	967.87	902.17	2,186.90	539.99	565.74	498.49	1,105.73	1,041.86	2,469.35
5	Total Comprehensive Income for the period [Comprising Profit/ (Loss) for the period (after tax) and Other Comprehensive Income (after tax)]	462.12	505.76	443.81	967.87	902.17	2,231.01	539.99	565.74	498.49	1,105.73	1,041.86	2,513.46
6	Equity Share Capital	4,805.16	4,805.16	4,805.16	4,805.16	4,805.16	4,805.16	4,805.16	4,805.16	4,805.16	4,805.16	4,805.16	4,805.16
7	Other Equity	49,937.28	49,475.17	47,640.58	49,937.28	47,640.58	48,969.41	51,948.74	51,408.76	49,371.42	51,948.74	49,371.42	50,843.01
8	**Earnings Per Share (of Rs. 10/- each) Not Annualized) - Before Exceptional Items**												
	-Basic	0.96	1.05	0.92	2.01	1.88	4.55	1.12	1.18	1.04	2.3	2.17	5.14
	-Diluted	0.96	1.05	0.92	2.01	1.88	4.55	1.12	1.18	1.04	2.3	2.17	5.14
9	**Earnings Per Share (of Rs.10/- each) (Not Annualized)- After Exceptional Items**												
	- Basic	0.96	1.05	0.92	2.01	1.88	4.55	1.12	1.18	1.04	2.3	2.17	5.14
	- Diluted	0.96	1.05	0.92	2.01	1.88	4.55	1.12	1.18	1.04	2.3	2.17	5.14

Note:

1. The above results for the quarter and half year ended on September 30, 2026 have been reviewed and recommended by the audit committee and approved by the board of directors at their meeting held on 13th November 2026.
2. The above is an extract of the detailed format of Quarterly / Six Months ended Financial Results filed with the Stock Exchanges under Regulation 33 of SEBI (Listing and Other Disclosure Requirements) Regulations, 2015. The full format of the Quarterly/ Six Months ended Financial Results are available on the Stock Exchanges' websites viz. **www.bseindia.com** and **www.nseindia.com.** The same is also available on the company's website viz. www.indofarm.in under the head Investor Relations

Place: Chandigarh
Date: 13.11.2026

For **Indo Farm Equipment Limited**
Sd/-
Ranbir Singh Khadwalia
Chairman & Managing Director
DIN:00062154

THE LATEST TRENDS IN BUSINESS
THE LATEST TRENDS IN TRENDS
FINANCIAL EXPRESS
Read to Lead

Bandhan Bank

Regional Office : Netaji Marg, Nr. Mithakhali Six Roads, Ellisbridge, Ahmedbad-6. Phone: +91-26421671-75

SYMBOLIC POSSESSION NOTICE

NOTICE is hereby given under the Securitization and Reconstruction of Financial Assets and Enforcement of Security Interest Act, 2002 and in exercise of powers conferred under Section 13(12) read with Rule 3 of the Security Interest (Enforcement) Rules, 2002, the Authorized Officer issued demand notice to the Borrowers on the date mentioned against the account stated hereinafter calling upon them to repay the amount within 60 days from the date of receipt of said notice.
The borrower having failed to repay the amount, notice is hereby given to the Public in general and in particular the Borrowers that the undersigned has taken the Symbolic Possession of the property described herein below under Section 13(4) of the said Act read with Rule 8 of the said Rules on the date mentioned against the account.
The borrower in particular and the Public in general is hereby cautioned not to deal with the property and any dealing with the property will be subject to the charge of the Bank for the amounts, interest, costs and charges thereon.
The borrowers/mortgagor's attention is invited to the provisions of sub-section (8) of Section 13 of the Act, in respect of time available, to redeem the secured assets.

Name of Borrowers, Guarantor and Loan Account No.	Description of property mortgaged (Secured assets)	Date of Demand Notice	Date of Symbolic Possession Notice	Amount O/s as on Date of Demand Notice
Mr. Sunil Kumar Mrs. Manisha 20003330000149	All That Piece Or Parcel Of Part Of Plot No. 420, Khasra No. 18, Mu Killa No. 20/1(3-4), 21(8-0), 23/2(7-9), Admeasuring Area 50 Sq. Yard., Mouja Nangla Gujaran, Tehsil Badkhal & Dist. Faridabad, Haryana-121005 Owned By Mrs. Manisha and Same Bounded As Under: On Or Towards North Plot No. 421 On Or Towards East Road On Or Towards West Plot No. 441 On Or Towards South Plot Of Haseena	23/07/2026	10-11-2026	Rs.12,58,285.38/- (as On 09/07/2026)

Place : Haryana | Date : 14 November 2026

Sd/- Bandhan Bank Limited, Authorized Officer

PUBLIC NOTICE

JEWELLERY AUCTION CUM INVITATION NOTICE

Registered Office: 601 & 602, Peninsula Business Park, 6th Floor, Tower A, Senapati Bapat Marg, Lower Parel, Mumbai - 400 013

DCB BANK

The below mentioned Borrowers have been issued notices to pay the entire dues in the facilities availed by them from DCB Bank Ltd. against Jewellery pledged with DCB Bank Ltd. We are constrained to conduct first auction of the pledged Jewellery as they have failed to pay the entire dues. The first auction will be conducted at the branches on 14.12.2026 & 15.12.2026 from 12:00 pm to 04:00 pm at below mentioned branches / locations mentioned in the table. Prospective bidders are advised to contact the respective bank branch for more details including the detailed terms and conditions of the auction. The borrowers & bidders may refer to our website www.dcb.bank.in for branch addresses /venue of auction.

Sr. No.	Customer ID	Customer Name	Branch / Location
1	101338323	GUN	KARNAL - Karnal
2	101578355	TEJVINDER TEJVINDER	KURUKSHETRA - Kurukshetra
3	101930794	HITESH CHHABRA	HISAR - Hisar
4	102398956	SHAKTI SINGH	KURUKSHETRA - Kurukshetra
5	102874736	GULSHAN KUMAR	PANIPAT - Panipat
6	102926991	GOPAL	HISAR - Hisar
7	103148122	PANCHAM	PANCHKULA - Panchkula
8	103185800	MANISH KUMAR	RAIPUR VIRAN - Raipur Viran
9	103333075	GULFAM	PANCHKULA - Panchkula
10	103676025	VIKRAM JEET	SIRSA - Sirsa
11	103751394	ATUL	HISAR - Hisar
12	104405846	MANOJ KUMAR	HISAR - Hisar
13	104462716	PARVEEN KUMAR	KARNAL - Karnal
14	104569640	CHARU	YAMUNA NAGAR - Yamuna Nagar
15	104936210	GAURAV JOON	ROHTAK - ROHTAK
16	105444984	DEEP MALA	YAMUNA NAGAR - Yamuna Nagar
17	105560264	SHOYAB	KARNAL - Karnal
18	105562866	KIRAN SHRIVASTAV	PANIPAT - Panipat
19	105901965	ANISH AHMED	YAMUNA NAGAR - Yamuna Nagar
20	105931755	SUMAN DEVI	ROHTAK - ROHTAK
21	106013023	GURMESH ISHWAR SINGH	HISAR - Hisar
22	106027859	JOGINDER SINGH	AMBALA - Ambala
23	106159205	VIKAS KUMAR	PANIPAT - Panipat
24	106290635	KIRAN	SIRSA - Sirsa
25	106404132	MANJEET	ROHTAK - ROHTAK
26	106513830	JALDHIR SINGH	ROHTAK - ROHTAK
27	106636590	GEETA RANI	INDERGARH - Indergarh
28	106694218	RAJAT	PANIPAT - Panipat
29	106772000	PARDEEP KUMAR	DERA - Dera
30	106861799	MAHENDRA KUMAR	PANIPAT - Panipat
31	106880561	POONAM RANI	AMBALA - Ambala
32	107177447	RINKY	ROHTAK - ROHTAK
33	107335091	MONI	ROHTAK - ROHTAK
34	107432690	REENA	PANIPAT - Panipat
35	107558581	RAVINA	HISAR - Hisar
36	107608544	PRINCE	AMBALA - Ambala
37	107621829	SUMAN	ROHTAK - ROHTAK
38	107703190	DEEPANSHU	ROHTAK - ROHTAK
39	107712907	RAKESH KUMAR	PANIPAT - Panipat
40	107712973	QALEEM	PANIPAT - Panipat
41	107821057	CHINTU	PANIPAT - Panipat
42	107898269	RAJESH KUMAR	YAMUNA NAGAR - Yamuna Nagar
43	107906608	MONIKA	ROHTAK - ROHTAK
44	107962016	SUSHIL	PANIPAT - Panipat
45	107979598	RITU RITU	PANIPAT - Panipat
46	108390534	LALIT	ROHTAK - ROHTAK
47	108500098	PREETI	YAMUNA NAGAR - Yamuna Nagar
48	108509775	NEELAM NEELAM	HISAR - Hisar
49	108524033	ANUP KUMAR	ROHTAK - ROHTAK
50	108597921	RAVI KUMAR	AMBALA - Ambala
51	108720243	PREM KUMAR	HISAR - Hisar
52	108731743	JYOTI	HISAR - Hisar
53	108798446	KULDEEP SAINI	HISAR - Hisar
54	108878196	BABITA	HISAR - Hisar
55	108917870	PARDEEP KUMAR	AMBALA - Ambala
56	109047502	BHOLA	YAMUNA NAGAR - Yamuna Nagar
57	109222314	SURAJ	HISAR - Hisar
58	109222830	MANOJ	HISAR - Hisar
59	109242187	SHASHI KANT	KARNAL - Karnal
60	109250075	NASEEM KHAN	PANIPAT - Panipat
61	109298808	DAVINDER SINGH	AMBALA - Ambala
62	109365040	RAJESH MITTAL	HISAR - Hisar
63	109379698	PRATIKSHA	PANIPAT - Panipat
64	109382120	DHEERAJ	KARNAL - Karnal
65	109411202	RITIK RITIK	SONIPAT - Sonipat
66	109424841	POOJA POOJA	SONIPAT - Sonipat
67	109433993	KRISHAN KUMAR	HISAR - Hisar
68	109483713	SACHIN SACHIN	HISAR - Hisar
69	109510469	ASHOK ASHOK	HISAR - Hisar
70	109529109	ASHENDRA SIKKA	YAMUNA NAGAR - Yamuna Nagar
71	109589947	PARTEEK SAHU	ROHTAK - ROHTAK
72	109597551	SUMAN SUMAN	HISAR - Hisar
73	109635639	RAJINDER KUMAR	KARNAL - Karnal
74	109654895	POOJA POOJA	ROHTAK - ROHTAK
75	109667419	JAGMENDER JONI	ROHTAK - ROHTAK
76	109681761	SACHIN	ROHTAK - ROHTAK
77	109711743	PARAS	ROHTAK - ROHTAK
78	109764358	MAMTA MAMTA	ROHTAK - ROHTAK
79	109765809	PRIYA	JIND - Jind
80	109781605	MOHIT	ROHTAK - ROHTAK
81	109826617	RASHID	YAMUNA NAGAR - Yamuna Nagar
82	109852601	PAWAN	HISAR - Hisar
83	101238791	ARUN PANNU	KARNAL - Karnal
84	102124822	DEEPAK SAINI	YAMUNA NAGAR - Yamuna Nagar
85	102594689	SUBHAM RANA	YAMUNA NAGAR - Yamuna Nagar
86	102860101	SANJEEV KUMAR	INDERGARH - Indergarh
87	103116715	MANOJ SHARMA	HISAR - Hisar
88	103628723	RAJNISH	SIRSA - Sirsa
89	104609700	SUNITA	HISAR - Hisar
90	104764453	ARJUN JOSHI	HISAR - Hisar
91	105912954	REETU	YAMUNA NAGAR - Yamuna Nagar
92	106632923	ANKUSH	ROHTAK - ROHTAK
93	106773903	ANKIT	PANIPAT - Panipat
94	106789184	SONU DEVI	PANIPAT - Panipat
95	106866382	KAMLESH KUMAR CHIRKE	AMBALA - Ambala
96	107675544	NEERAJ	HISAR - Hisar
97	107797662	NIRMALA	CHEEKA - Cheeka
98	107808328	ABHISHEK	HISAR - Hisar
99	107898236	RENU DEVI	ROHTAK - ROHTAK
100	108021416	VINEY	YAMUNA NAGAR - Yamuna Nagar
101	108051204	SANJEEV	PANCHKULA - Panchkula
102	108719151	MANDEEP	HISAR - Hisar
103	109091344	PARVEEN KUMAR	KARNAL - Karnal
104	109184674	GOURAV	SONIPAT - Sonipat
105	109299906	KULVENDER	HISAR - Hisar
106	102836476	UMA SHANKAR	HISAR - Hisar
107	103425095	IKLAKHA ALI	YAMUNA NAGAR - Yamuna Nagar
108	107248663	RAJESH KUMAR	PANIPAT - Panipat
109	109007450	EKTA MEHTA	HISAR - Hisar
110	102902993	VIKAS NAIN	HISAR - Hisar
111	104577581	MANJU	HISAR - Hisar
112	104972766	SANDEEP KUMAR	HISAR - Hisar
113	102005666	AJAY SHARMA	YAMUNA NAGAR - Yamuna Nagar

By way of this publication, the concerned Borrowers/Pledgers'/ legal heirs / representatives / successors / nominees are hereby given final notice and last opportunity to pay the facility recalled amount in full, with all interest and charges forthwith on or before the scheduled auction date failing which the Jewellery will be auctioned. The bank reserves the right to sell the items not auctioned on the scheduled auctioned dates on any subsequent day(s) without prior notice by other modes of sale including E-auction, private sale etc. / and change the venue of the auction / place of sale without further notice. Participation in the auction and acceptance of bids shall be at the sole discretion of DCB Bank. DCB Bank Ltd. has the authority to remove account(s) / change the auction date(s) without any prior notice. It is reiterated this is the final public notice to the borrowers and no further notice shall be given for auction of the ornaments subsequent to the above
Please note that the auction shall be on an "as is where is basis", "as is what is basis", "whatever there is basis" and "no recourse basis" and DCB Bank shall not be responsible and liable in any manner for any claims, disputes, objections related to the Jewellery or the auction thereof.

Date: 14.11.2026

Sd/-
Authorised Officer
DCB Bank Limited

M K PROTEINS LIMITED

CIN: L15500HR2012PLC046239
Registered Office: Naraingarh Road, Vill. Garnala Ambala City Haryana-134003
Email: compliancemkproteins@gmail.com | Website: http://www.mkproteins.in/

EXTRACT OF UNAUDITED FINANCIAL RESULTS FOR THE QUARTER AND HALF YEAR ENDED 30TH SEPTEMBER, 2026

(Rs. in lakhs)

S. No.	Particulars	Quarter Ended			Half Year Ended		Year Ended
		30.09.2026 Unaudited	30.06.2026 Unaudited	30.09.2025 Unaudited	30.09.2026 Unaudited	30.09.2025 Unaudited	31.03.2026 Audited
1	Total income from operations	4446.28	11516.12	3243.03	15962.40	14737.63	38287.52
2	Profit / (Loss) for the period (before Tax, Exceptional and/or Extraordinary items*)	116.54	184.74	99.98	301.28	570.49	938.86
3	Profit / (Loss) for the period before tax (after Exceptional and/or Extraordinary items*)	116.54	184.74	99.98	301.28	570.49	938.86
4	Net Profit / (Loss) for the period after tax (after Exceptional and/or Extraordinary items*)	86.96	138.24	74.67	225.20	425.99	682.90
5	Total Comprehensive Income for the period [Comprising Profit / (Loss) for the period (after tax) & Other Comprehensive Income (after tax)]	86.96	138.24	74.67	225.20	425.99	683.44
6	Equity Share Capital (Face value of the Share Rs.1/- each)	3753.72	3753.72	3753.72	3753.72	3753.72	3753.72
7	Other Equity (Reserves)	—	—	—	4101.50	3618.84	3876.30
8	Earnings Per Share (of Rs. 1/- each) (for continuing and discontinued operations) -						
	i) Basic:	0.02	0.04	0.02	0.6	0.11	0.18
	ii) Diluted:	0.02	0.04	0.02	0.6	0.11	0.18

1. The above-mentioned un-audited results were reviewed by the Audit Committee and approved by the Board of Directors of the Company at its meeting held on 13th November, 2026.
2. The above results have been reviewed by the Statutory Auditor as required under regulation 33 of SEBI (Listing Obligations & Disclosure Requirements, 2015).
3. The above is an extract of the detailed format of the standalone Financial Results filed with the Stock Exchanges under Regulation 33 of the SEBI (Listing Obligations & Disclosure Requirements) Regulations, 2015. The full format of the Standalone Financial Results are available on Company's website at **www.mkproteins.in** and also be accessed on the website of the Stock Exchanges at **www.bseindia.com** and **www.nseindia.com**

Place: Ambala
Date: 13th November, 2026

For M K Proteins Limited
Sd/-
PARMOD KUMAR
Managing Director
DIN: 00126965

LWS KNITWEAR LIMITED

Regd Office: G.T. Road West Ldh, Punjab 141008.
CIN-L55101PB1989PLC009315
Email- info@lwsknitwear.com, lwsknitwear@gmail.com
Website-www.lwsknitwear.com

STANDALONE UNAUDITED FINANCIAL RESULTS FOR THE QUARTER ENDED SEPTEMBER 30, 2026

Pursuant to Regulation 33 of SEBI (LODR), Regulations, 2015, the Board of Directors, at its meeting held on 13.11.2026 approved the Standalone UnAudited Financial Results of the company for the Quarter Ended September 30, 2026.
The financial results along with the Limited Review Report have been posted on the company's website at (https://www.lwsknitwear.com/downloads/quarterly-report/2026/Results LWS 30.09.2026.pdf) and can be accessed by scanning Quick Response (QR) code given below:

For LWS KNITWEAR LIMITED
Sd/-
(Girish Kapoor)
(Managing Director)
(DIN: 01870917)

ਕਾਂਗਰਸ ਦਾ ਮੁਕਾਬਲਾ ਸਿਰਫ਼ ਆਮ ਆਦਮੀ ਪਾਰਟੀ ਨਾਲ : ਪਾਇਲਟ

ਕਿਹਾ, ਸੂਬੇ 'ਚ ਮਹਿਜ਼ ਕੁਝ ਮਹੀਨਿਆਂ ਦੀ ਪ੍ਰਾਹੁਣੀ ਹੈ 'ਆਪ' ਸਰਕਾਰ

ਆਕਾਸ਼ • ਪੰਜਾਬੀ ਜਾਗਰਣ

ਗੁਰਦਾਸਪੁਰ : ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਨੇ ਅੱਜ ਗੁਰਦਾਸਪੁਰ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਸਪੱਸ਼ਟ ਕੀਤਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦਾ ਮੁਕਾਬਲਾ ਆਮ ਆਦਮੀ ਪਾਰਟੀ ਨਾਲ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਗਠਜੋੜ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ ਪਰ ਅਕਾਲੀ ਦਲ ਦੱਸੇ ਕਿ ਜਿਨ੍ਹਾਂ ਕਾਰਨਾਂ ਕਰਕੇ ਉਸ ਨੇ ਭਾਜਪਾ ਨਾਲੋਂ ਆਪਣਾ ਗਠਜੋੜ ਤੋੜਿਆ ਸੀ ਕੀ ਉਹ ਕਾਰਨ ਖਤਮ ਹੋ ਗਏ ਹਨ।

ਸਚਿਨ ਪਾਇਲਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਿਰਫ ਕੁਝ ਮਹੀਨਿਆਂ ਦੀ ਪ੍ਰਾਹੁਣੀ ਹੈ। ਇਸ ਦੇ ਕਈ ਰਾਜ ਸਭਾ ਮੈਂਬਰ ਪਹਿਲਾਂ ਹੀ ਪਾਰਟੀ ਛੱਡ ਚੁਕੇ ਹਨ, ਵਿਧਾਇਕ ਬਾਗ਼ੀ ਹੋ ਚੁੱਕੇ ਹਨ ਅਤੇ ਕਈ ਸਸਪੈਂਡ ਚੱਲ ਰਹੇ ਹਨ। ਆਮ ਆਦਮੀ ਪਾਰਟੀ ਨੂੰ ਜਨਤਾ ਨੇ ਜੋ 92 ਵਿਧਾਇਕ ਦੇ ਕੇ ਮਜ਼ਬੂਤ ਆਧਾਰ ਦਿੱਤਾ ਸੀ ਉਹ ਆਧਾਰ



ਗੁਰਦਾਸਪੁਰ ਵਿਖੇ ਪ੍ਰੈਸ ਕਾਨਫਰੰਸ ਕਰਦੇ ਹੋਏ ਸਚਿਨ ਪਾਇਲਟ। ਨਾਲ ਹਨ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਵਿਧਾਇਕ ਤ੍ਰਿਪਤ ਬਾਜਵਾ, ਬਰਿੰਦਰਮੀਤ ਸਿੰਘ ਪਾਹੜਾ ਤੇ ਹੋਰ • ਪੰਜਾਬੀ ਜਾਗਰਣ

ਇਹ ਸਰਕਾਰ ਹੁਣ ਪੂਰੀ ਤਰ੍ਹਾਂ ਗੁਆ ਚੁੱਕੀ ਹੈ। ਪਾਇਲਟ ਨੇ ਹੋਰ ਕਿਹਾ ਕਿ ਸਰਕਾਰ ਪੰਜਾਬ ਦੇ ਖਜ਼ਾਨੇ ਨੂੰ ਭਲਾਈ ਅਤੇ ਵਿਕਾਸ ਉੱਤੇ ਖਰਚਣ ਦੀ ਬਜਾਏ ਆਪਣੇ ਮੰਤਰੀਆਂ, ਵਿਧਾਇਕਾਂ ਅਤੇ ਦਿੱਲੀ ਦੇ ਨੇਤਾਵਾਂ ਨੂੰ ਖੁਸ਼ ਕਰਨ ਲਈ ਲੁਟਾਇਆ ਹੈ। ਪੰਜਾਬ ਵਿੱਚ ਨਸ਼ਾ, ਕਾਨੂੰਨ ਵਿਵਸਥਾ, ਫਿਰੌਤੀਆਂ ਤੋਂ ਲੋਕ ਭਲੀਭਾਂਤ ਜਾਣੂ ਹਨ। ਉਨ੍ਹਾਂ ਅੱਗੇ ਕਿਹਾ ਕਿ ਅਕਾਲੀ ਦਲ ਦੇ ਕਈ ਟੁਕੜੇ ਹੋ ਚੁੱਕ ਹਨ। ਕਈ ਪਾਰਟੀਆਂ ਚੋਣਾਂ ਲੜਨਗੀਆਂ ਪਰ ਕਿਸੇ ਵੀ ਪਾਰਟੀ ਕੋਲ ਪੰਜਾਬ ਦੀ ਸੱਤਾ ਤੇ ਕਾਬਜ਼ ਹੋਣ ਦਾ ਦਮ ਨਹੀਂ। ਸਿਰਫ ਕਾਂਗਰਸ ਹੀ ਆਪਣੇ ਦਮ ਤੇ ਸਰਕਾਰ ਬਣਾਉਣ ਦੀ ਕਾਬਲੀਅਤ ਰੱਖਦੀ ਹੈ।

ਸਰਕਾਰ ਤੋਂ ਸਤੇ ਹੋਏ ਹਨ ਸੂਬੇ ਦੇ ਲੋਕ : ਪਾਹੜਾ

ਇਸ ਮੌਕੇ ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਕਿਹਾ ਕਿ ਆਪ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਚੁੱਕ ਹੈ। ਲੋਕ ਇਸ ਸਰਕਾਰ ਤੋਂ ਸਤੇ ਪਏ ਹਨ ਅਤੇ ਚੋਣ ਜ਼ਾਬਤਾ ਲੱਗਣ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿੰਨਾਂ ਮੰਤਰੀਆਂ ਅਤੇ ਵਿਧਾਇਕਾਂ ਦੀਆਂ ਟਿਕਟਾਂ ਕੱਟੀਆਂ ਗਈਆਂ ਹਨ ਉਹ ਬਾਗ਼ੀ ਤੇਵਰ ਦਿਖਾ ਰਹੇ ਹਨ ਅਤੇ ਜਲਦੀ ਹੀ ਇਹ ਪਾਰਟੀ ਮੂਧੇ ਮੂੰਗ ਡਿੱਗ ਪਵੇਗੀ। ਉਨ੍ਹਾਂ ਕਿਹਾ ਕਿ ਹੁਣ ਸਿਰਫ ਕੁਝ ਮਹੀਨਿਆਂ ਦੀ ਹੀ ਗੱਲ ਹੈ ਅਤੇ ਕਾਂਗਰਸ ਮੁੜ ਤੋਂ ਸਰਕਾਰ ਬਣਾ ਕੇ ਬਰਬਾਦ ਹੋ ਚੁੱਕੇ ਪੰਜਾਬ ਨੂੰ ਮੁੜ ਲੀਹਾਂ 'ਤੇ ਲਿਆਵੇਗੀ। ਇਸ ਮੌਕੇ ਸੁਖਜਿੰਦਰ ਸਿੰਘ ਰੰਧਾਵਾ, ਵਿਧਾਇਕ ਤ੍ਰਿਪਤ ਬਾਜਵਾ ਤੇ ਹੋਰ ਆਗੂ ਹਾਜ਼ਰ ਸਨ।

ਕੇਜਰੀਵਾਲ ਨੂੰ ਮਿਲੀ ਧਮਕੀ ਸਿਆਸੀ ਡਰਾਮਾ : ਜਾਖੜ

ਸਟੇਟ ਬਿਊਰੋ, ਜਾਗਰਣ, ਚੰਡੀਗੜ੍ਹ : ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਅਰਵਿੰਦ ਕੇਜਰੀਵਾਲ ਨੂੰ ਗੈਂਗਸਟਰ ਵੱਲੋਂ ਕਥਿਤ ਤੌਰ 'ਤੇ ਮਿਲੀ ਧਮਕੀ ਦੇ ਮਾਮਲੇ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਧਮਕੀ ਸਬੰਧੀ ਸੂਚਨਾ ਦਿੱਲੀ ਵਿੱਚ ਇੱਕ ਵਿਧਾਇਕ ਨੂੰ ਮਿਲੀ ਸੀ, ਪਰ ਇਸ ਦੀ ਸ਼ਿਕਾਇਤ ਮੋਹਾਲੀ ਵਿੱਚ ਦਰਜ ਕਰਵਾਈ ਗਈ। ਜਾਖੜ ਮੁਤਾਬਕ ਇਸ ਗੱਲ ਨਾਲ ਪੂਰੇ ਮਾਮਲੇ 'ਤੇ ਸ਼ੱਕ ਪੈਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਧਮਕੀ ਅਸਲੀ ਸੀ ਤਾਂ ਕੇਜਰੀਵਾਲ ਨੂੰ ਦਿੱਲੀ ਵਿੱਚ ਸ਼ਿਕਾਇਤ ਦਰਜ ਕਰਵਾਉਣੀ ਚਾਹੀਦੀ ਸੀ। ਜਾਖੜ ਨੇ ਸੁਝਾਅ ਦਿੱਤਾ ਕਿ ਕੇਜਰੀਵਾਲ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਕੌਮੀ ਜਾਂਚ ਏਜੰਸੀ (ਐੱਨਆਈਏ) ਤੋਂ ਜਾਂਚ ਦੀ ਮੰਗ ਕਰਨੀ ਚਾਹੀਦੀ ਸੀ, ਤਾਂ ਜੋ ਪਤਾ ਲੱਗ ਸਕੇ ਕਿ ਧਮਕੀ ਅਸਲੀ ਸੀ ਜਾਂ ਸਿਆਸੀ ਡਰਾਮਾ। ਜਾਖੜ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਬਣਨ ਤੋਂ ਬਾਅਦ ਫਿਰੌਤੀ ਲਈ ਫੋਨ ਆਉਣੇ ਆਮ ਗੱਲ ਹੋ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਕਈ ਵਾਰ ਲੋਕਾਂ ਨੂੰ ਗੈਂਗਸਟਰਾਂ ਨਾਲ ਗੱਲਬਾਤ ਕਰਕੇ ਘੱਟ ਰਕਮ ਵਿੱਚ ਮਾਮਲਾ ਨਿਪਟਾਉਣ ਦੀ ਸਲਾਹ ਦਿੰਦੀ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਪੁਲਿਸ ਕੇਜਰੀਵਾਲ ਨੂੰ ਵੀ ਇਹੀ ਸਲਾਹ ਦੇਵੇਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਿੱਤਰ ਪ੍ਰਦਰਸ਼ਨੀ ਅੱਜ ਤੋਂ

ਪੰਜਾਬੀ ਜਾਗਰਣ ਕੇਂਦਰ • ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਿੱਖ ਸਾਹਿਤ ਤੇ ਚਿੱਤਰ ਪ੍ਰਦਰਸ਼ਨੀ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਲਗਾਈ ਜਾ ਰਹੀ ਹੈ। ਇਹ ਪ੍ਰਦਰਸ਼ਨੀ 14 ਤੋਂ 26 ਨਵੰਬਰ ਤੱਕ ਗੁਰਦੁਆਰਾ ਸਾਹਿਬ ਦੇ ਪਵਿੱਤਰ ਸਰੋਵਰ ਕਿਨਾਰੇ ਰੋਜ਼ਾਨਾ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਲਗਾਈ ਜਾਵੇਗੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅਜਿਹੇ ਉਪਰਾਲੇ ਨਵੀਂ ਪੀੜ੍ਹੀ ਨੂੰ ਸਿੱਖ ਧਰਮ ਦੇ ਅਮੀਰ ਸਾਹਿਤਕ, ਇਤਿਹਾਸਕ ਤੇ ਅਧਿਆਤਮਕ ਵਿਰਸੇ ਨਾਲ ਜੋੜਨ ਵਿੱਚ ਵਡਮੁੱਲਾ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ ਇਸ ਪ੍ਰਦਰਸ਼ਨੀ ਦਾ ਮੁੱਖ ਮੰਤਵ ਸੰਗਤ ਵਿੱਚ ਗੁਰਮਤਿ ਸਾਹਿਤ ਪ੍ਰਤੀ ਰੁਚੀ ਪੈਦਾ ਕਰਨ ਦੇ ਨਾਲ-ਨਾਲ ਅਮੀਰ ਸਿੱਖ ਇਤਿਹਾਸ ਤੇ ਵਿਰਾਸਤ ਬਾਰੇ ਗਿਆਨ ਦਾ ਪ੍ਰਸਾਰ ਕਰਨਾ ਵੀ ਹੈ। ਕਾਲਕਾ ਤੇ ਕਾਹਲੋਂ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰਾਂ ਤੇ ਬੱਚਿਆਂ ਸਮੇਤ ਇਸ ਪ੍ਰਦਰਸ਼ਨੀ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਅਤੇ ਗੁਰਮਤਿ ਸਾਹਿਤ, ਸਿੱਖ ਇਤਿਹਾਸ ਤੇ ਸੱਭਿਆਚਾਰਕ ਵਿਰਾਸਤ ਨਾਲ ਜੁੜਨ ਦੇ ਇਸ ਸੁਚੱਜੇ ਉਪਰਾਲੇ ਦਾ ਲਾਭ ਉਠਾਉਣ।



ਗੁਰਦੁਆਰਾ ਬੰਗਲਾ ਸਾਹਿਬ 'ਚ ਪ੍ਰਦਰਸ਼ਨੀ ਦੀਆਂ ਤਿਆਰੀਆਂ ਦੌਰਾਨ ਤਸਵੀਰਾਂ ਦੇਖਦੀ ਸੰਗਤ।

ਦਿੱਲੀ ਤੇ ਪੰਜਾਬ ਦੀਆਂ ਨਾਮਵਰ ਸੰਸਥਾਵਾਂ ਵੱਲੋਂ ਲਗਾਏ ਜਾਣਗੇ ਵਿਸ਼ੇਸ਼ ਸਟਾਲ : ਉਨ੍ਹਾਂ ਦੱਸਿਆ ਕਿ ਇਸ ਪ੍ਰਦਰਸ਼ਨੀ ਵਿੱਚ ਦਿੱਲੀ ਤੇ ਪੰਜਾਬ ਦੀਆਂ ਨਾਮਵਰ ਸੰਸਥਾਵਾਂ ਵੱਲੋਂ ਪੁਸਤਕਾਂ ਤੇ ਹੋਰ ਪ੍ਰਕਾਸ਼ਨਾਵਾਂ ਦੇ ਵਿਸ਼ੇਸ਼ ਸਟਾਲ ਲਗਾਏ ਜਾਣਗੇ। ਇਨ੍ਹਾਂ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਸ਼ਾ ਵਿਭਾਗ, ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵੱਖ-ਵੱਖ ਸਿੱਖ ਮਿਸ਼ਨਰੀ ਸੰਸਥਾਵਾਂ ਸ਼ਾਮਲ ਹੋਣਗੀਆਂ ਜੋ ਆਪਣੇ ਕੀਮਤੀ ਸਾਹਿਤ ਅਤੇ ਪ੍ਰਕਾਸ਼ਨਾਵਾਂ ਰਾਹੀਂ ਸੰਗਤਾਂ ਨਾਲ ਜੁੜਨਗੀਆਂ। ਇਨ੍ਹਾਂ ਸਟਾਲਾਂ ਰਾਹੀਂ ਸੰਗਤਾਂ ਤੇ ਪੁਸਤਕ ਪ੍ਰੇਮੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਸਮੇਤ ਸਮੂਹ ਗੁਰੂ ਸਾਹਿਬਾਨ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਤੇ ਉਪਦੇਸ਼ਾਂ, ਭਗਤ ਸਾਹਿਬਾਨ ਦੀਆਂ ਜੀਵਨੀਆਂ, ਸਿੱਖ ਧਰਮ ਦੇ ਗੂੜ੍ਹੇ ਫਲਸਫੇ, ਗੁਰਮਤਿ ਵਿਚਾਰਧਾਰਾ ਤੇ ਸਿੱਖ ਇਤਿਹਾਸ ਨਾਲ ਸਬੰਧਤ ਪ੍ਰਮਾਣਿਕ ਤੇ ਗਿਆਨਵਰਧਕ ਪੁਸਤਕਾਂ ਦੇਖਣ ਤੇ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ। ਇਸ ਤੋਂ ਇਲਾਵਾ ਪੰਜਾਬ ਐਂਡ ਸਿੰਧ ਬੈਂਕ ਤੇ ਪੰਜਾਬ ਆਰਟਿਸਟ (ਚਿੱਤਰਕਾਰ ਐਸੋਸੀਏਸ਼ਨ) ਦੇ ਸਹਿਯੋਗ ਨਾਲ ਸਿੱਖ ਇਤਿਹਾਸ ਦੀਆਂ ਅਹਿਮ ਘਟਨਾਵਾਂ ਤੇ ਮਹਾਨ ਇਤਿਹਾਸਕ ਪ੍ਰਸੰਗਾਂ ਨੂੰ ਚਿੱਤਰਕਲਾ ਰਾਹੀਂ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਜਾਵੇਗਾ। ਇਸ ਰਾਹੀਂ ਦਰਸ਼ਕਾਂ ਨੂੰ ਸਿੱਖ ਇਤਿਹਾਸ ਦੇ ਗੌਰਵਮਈ ਪੰਨਿਆਂ, ਮਹਾਨ ਸ਼ਹਾਦਤਾਂ ਤੇ ਸਿੱਖ ਵਿਰਾਸਤ ਦੀਆਂ ਅਨਮੋਲ ਯਾਦਾਂ ਨਾਲ ਰੂਬਰੂ ਹੋਣ ਦਾ ਮੌਕਾ ਮਿਲੇਗਾ।

ਗੁਰਦੁਆਰਾ ਬੰਗਲਾ ਸਾਹਿਬ 'ਚ ਪ੍ਰਦਰਸ਼ਨੀ ਦੌਰਾਨ ਸੰਗਤ ਨੂੰ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਨ ਦੀ ਕਾਲਕਾ ਤੇ ਕਾਹਲੋਂ ਨੇ ਕੀਤੀ ਅਪੀਲ

ਫਤਹਿਗੜ੍ਹ ਸਾਹਿਬ ਸ਼ਹੀਦੀ ਸਭਾ ਲਈ ਚੱਲਣਗੀਆਂ 200 ਸ਼ਟਲ ਬੱਸਾਂ

- ਏਆਈ ਕੈਮਰਿਆਂ ਤੇ ਡ੍ਰੋਨਾਂ ਨਾਲ ਹੋਵੇਗੀ ਨਿਗਰਾਨੀ
- ਪਿਛਲੀ ਸ਼ਹੀਦੀ ਸਭਾ 'ਚ ਪੁੱਜੇ ਸਨ 80 ਲੱਖ ਸ਼ਰਧਾਲੂ

ਸਟੇਟ ਬਿਊਰੋ, ਜਾਗਰਣ • ਚੰਡੀਗੜ੍ਹ : ਫਤਹਿਗੜ੍ਹ ਸਾਹਿਬ ਵਿਚ ਹੋਣ ਵਾਲੀ



ਸਾਲਾਨਾ ਸ਼ਹੀਦੀ ਸਭਾ ਵਿਚ ਲੱਖਾਂ ਸ਼ਰਧਾਲੂਆਂ ਦੇ ਪੁੱਜਣ ਦੀ ਸੰਭਾਵਨਾ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਵਿਆਪਕ ਪ੍ਰਬੰਧ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਨੂੰ ਉੱਚ ਪੱਧਰੀ ਬੈਠਕ ਵਿਚ ਪੁਲਿਸ ਤੇ ਸਿਵਲ ਪ੍ਰਸ਼ਾਸਨ ਨੂੰ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਪਿਛਲੀ ਸ਼ਹੀਦੀ ਸਭਾ ਵਿਚ ਲਗਪਗ 80 ਲੱਖ ਸ਼ਰਧਾਲੂ ਪੁੱਜੇ ਸਨ। ਇਸ ਨੂੰ ਧਿਆਨ ਵਿਚ ਰੱਖਦਿਆਂ ਇਸ ਵਾਰ ਆਵਾਜਾਈ, ਸੁਰੱਖਿਆ, ਸਿਹਤ ਅਤੇ ਸਫ਼ਾਈ ਪ੍ਰਬੰਧਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਇਹ ਸਮਾਗਮ ਸਿਰਫ਼ ਧਾਰਮਿਕ ਇਕੱਠ ਨਹੀਂ, ਸਗੋਂ ਮਨੁੱਖਤਾ ਤੇ ਧਰਮ ਦੀ ਰੱਖਿਆ ਲਈ ਦਿੱਤੀ ਗਈ ਲਾਸਾਨੀ ਕੁਰਬਾਨੀ ਨੂੰ ਯਾਦ ਕਰਨ ਦਾ ਮੌਕਾ ਹੈ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਦੀ ਸਹੂਲਤ ਵਿਚ ਕੋਈ ਘਾਟ ਨਹੀਂ ਰਹਿਣੀ ਚਾਹੀਦੀ। ਸ਼ਰਧਾਲੂਆਂ ਦੀ ਆਵਾਜਾਈ ਲਈ 200 ਸ਼ਟਲ ਬੱਸਾਂ ਚਲਾਈਆਂ ਜਾਣਗੀਆਂ। ਪਿੰਡਾਂ ਤੇ ਨੇੜਲੇ ਇਲਾਕਿਆਂ ਤੋਂ ਆਉਣ ਵਾਲੇ ਲੋਕਾਂ ਦੀ ਸਹੂਲਤ ਲਈ ਈ-ਰਿਕਸ਼ਿਆਂ ਦੀ ਗਿਣਤੀ ਵੀ ਵਧਾਈ ਜਾਵੇਗੀ ਤਾਂ ਜੋ ਬਜ਼ੁਰਗਾਂ ਨੂੰ ਅੰਤਮ ਦੂਰੀ ਤੈਅ ਕਰਨ ਵਿਚ ਮੁਸ਼ਕਲ ਨਾ ਆਵੇ। ਫਤਹਿਗੜ੍ਹ ਸਾਹਿਬ ਵੱਲ ਜਾਣ ਵਾਲੀਆਂ ਸਾਰੀਆਂ ਮੁੱਖ ਸੜਕਾਂ 'ਤੇ ਏਆਈ ਆਧਾਰਿਤ ਕੈਮਰਿਆਂ ਅਤੇ ਡ੍ਰੋਨਾਂ ਰਾਹੀਂ ਭੀੜ ਤੇ ਆਲੇ-ਦੁਆਲੇ ਦੇ ਇਲਾਕਿਆਂ 'ਤੇ ਨਜ਼ਰ ਰੱਖੀ ਜਾਵੇਗੀ। ਮੋਬਾਈਲ ਨੈੱਟਵਰਕ ਨੂੰ ਬਿਹਤਰ ਬਣਾਉਣ ਲਈ ਵਾਧੂ ਟਾਵਰ ਲਗਾਏ ਜਾਣਗੇ। ਪੁਲਿਸ ਤੇ ਪ੍ਰਸ਼ਾਸਨ ਦਾ ਸਾਂਝਾ ਕੰਟਰੋਲ ਰੂਮ 24 ਘੰਟੇ ਕੰਮ ਕਰੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਹ ਖੁਦ ਤਿਆਰੀਆਂ ਦੀ ਨਿਗਰਾਨੀ ਕਰਨਗੇ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਸਮਾਗਮ ਦੌਰਾਨ ਕਿਸੇ ਵੀ ਤਰ੍ਹਾਂ ਦੀ ਢਿੱਲ ਨਾ ਵਰਤੀ ਜਾਵੇ।

ਇਸਤਰੀ ਅਕਾਲੀ ਦਲ ਦੇ ਅਹੁਦੇਦਾਰਾਂ ਦੀ ਪਹਿਲੀ ਸੂਚੀ ਜਾਰੀ

ਸਟੇਟ ਬਿਊਰੋ, ਪੰਜਾਬੀ ਜਾਗਰਣ, ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਹਰਗੋਬਿੰਦ ਕੌਰ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਜਥੇਬੰਦਕ ਢਾਂਚੇ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਸੂਚੀ ਵਿੱਚ ਮਿਹਨਤੀ, ਤਜਰਬੇਕਾਰ ਅਤੇ ਲੰਮੇ ਸਮੇਂ ਤੋਂ ਪਾਰਟੀ ਨਾਲ ਜੁੜੀਆਂ ਮਹਿਲਾ ਵਰਕਰਾਂ ਨੂੰ ਥਾਂ ਦਿੱਤੀ ਗਈ ਹੈ। ਸੂਚੀ ਅਨੁਸਾਰ ਕੰਚਨਪ੍ਰੀਤ ਕੌਰ (ਤਰਨਤਾਰਨ), ਰਮਨਦੀਪ ਕੌਰ ਸ਼ੇਰੋਂ (ਖਡੂਰ ਸਾਹਿਬ), ਪਰਮਜੀਤ ਕੌਰ ਵਿਰਕ (ਸੰਗਰੂਰ), ਤਜਿੰਦਰ ਕੌਰ ਸੰਧੂ (ਲੁਧਿਆਣਾ), ਕਸ਼ਮੀਰ ਕੌਰ (ਗੁਰੂਹਰਸਹਾਏ), ਸ਼ਰਨਜੀਤ ਕੌਰ ਜਿੰਦਰ (ਗੁਰਦਾਸਪੁਰ), ਕਿਰਨਦੀਪ ਕੌਰ (ਲੁਧਿਆਣਾ), ਦਵਿੰਦਰ ਕੌਰ ਖਾਲਸਾ (ਬਠਿੰਡਾ), ਪਾਲੋ ਕੌਰ (ਮਲੋਟ), ਪ੍ਰੀਤਮ ਕੌਰ ਭਿਓਰਾ ਅਤੇ ਬੀਬੀ ਅਮਰਜੀਤ ਕੌਰ ਪੰਜਗਰਾਈਆਂ ਨੂੰ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ ਹੈ। ਇਸੇ ਤਰ੍ਹਾਂ ਰਾਜਿੰਦਰ ਕੌਰ, ਤੇਜ ਕੌਰ, ਬਲਜਿੰਦਰ ਕੌਰ, ਹਰਕਿਰਨਜੀਤ ਕੌਰ, ਪਵਨਦੀਪ ਕੌਰ ਗਿੱਲ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਕਿਸਾਨ-ਮਜ਼ਦੂਰ ਮੋਰਚੇ ਵੱਲੋਂ 7 ਦਸੰਬਰ ਨੂੰ ਚੰਡੀਗੜ੍ਹ 'ਚ ਪ੍ਰਦਰਸ਼ਨ ਦਾ ਐਲਾਨ

ਦਰਸ਼ਨ ਸਿੰਘ ਸੋਢੀ • ਪੰਜਾਬੀ ਜਾਗਰਣ

- ਐੱਮਐੱਸਪੀ ਦੀ ਕਾਨੂੰਨੀ ਗਰੰਟੀ, ਕਰਜ਼ਾ ਮਾਫ਼ੀ ਤੇ ਲੈਂਡ-ਪੂਲਿੰਗ ਨੀਤੀ ਰੱਦ ਕਰਨ ਦੀ ਮੰਗ
- ਨਸ਼ਿਆਂ, ਝੋਨੇ ਦੀ ਖ਼ਰੀਦ ਤੇ ਗੰਨੇ ਦੇ ਬਕਾਏ ਸਣੇ ਕਈ ਮੁੱਦਿਆਂ 'ਤੇ ਸੰਘਰਸ਼ ਦੀ ਰਣਨੀਤੀ ਉਲੀਕੀ

ਚੰਡੀਗੜ੍ਹ : ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਗਾਂ ਲਾਗੂ ਕਰਵਾਉਣ ਲਈ ਕਿਸਾਨ-ਮਜ਼ਦੂਰ ਮੋਰਚਾ 7 ਦਸੰਬਰ ਨੂੰ ਚੰਡੀਗੜ੍ਹ ਵਿੱਚ ਵਿਸ਼ਾਲ ਰੋਸ ਪ੍ਰਦਰਸ਼ਨ ਕਰੇਗਾ। ਇਸ ਦੀਆਂ ਤਿਆਰੀਆਂ ਅਤੇ ਅਗਲੇ ਸੰਘਰਸ਼ ਦੀ ਰਣਨੀਤੀ ਤੈਅ ਕਰਨ ਲਈ ਸ਼ੁੱਕਰਵਾਰ ਨੂੰ ਕਿਸਾਨ ਭਵਨ ਵਿਖੇ ਮੋਰਚੇ ਦੀ ਅਹਿਮ ਮੀਟਿੰਗ ਹੋਈ। ਮੀਟਿੰਗ ਦੀ ਅਗਵਾਈ ਮਨਜੀਤ ਸਿੰਘ ਰਾਏ, ਬਲਕਾਰ ਸਿੰਘ ਬੈਂਸ ਅਤੇ ਸਰਵਣ ਸਿੰਘ ਪੰਧੇਰ ਨੇ ਕੀਤੀ। ਆਗੂਆਂ ਨੇ ਕਿਹਾ ਕਿ ਹੋਰਨਾਂ ਜਥੇਬੰਦੀਆਂ ਨਾਲ ਗੱਲਬਾਤ ਕਰਕੇ ਸਾਂਝੇ ਸੰਘਰਸ਼ ਦੀ ਕੋਸ਼ਿਸ਼ ਕੀਤੀ ਜਾਵੇਗੀ, ਨਹੀਂ ਤਾਂ ਮੋਰਚਾ ਆਪਣੇ ਪੱਧਰ 'ਤੇ ਅੰਦੋਲਨ ਕਰੇਗਾ।

ਮੀਟਿੰਗ ਵਿੱਚ ਨਸ਼ਿਆਂ, ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ), ਝੋਨੇ ਦੀ ਖ਼ਰੀਦ, ਕਰਜ਼ਾ ਮੁਆਫ਼ੀ ਅਤੇ ਲੈਂਡ-ਪੂਲਿੰਗ ਨੀਤੀ ਸਮੇਤ ਕਈ ਮੁੱਦਿਆਂ 'ਤੇ ਚਰਚਾ ਕੀਤੀ ਗਈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਪੰਜ ਫ਼ਸਲਾਂ ਦੀ ਐੱਮਐੱਸਪੀ 'ਤੇ ਸਰਕਾਰੀ ਖ਼ਰੀਦ ਦੀ ਕਾਨੂੰਨੀ ਗਾਰੰਟੀ ਦੇਣ ਅਤੇ ਕਿਸਾਨਾਂ-ਮਜ਼ਦੂਰਾਂ ਦੀ ਪੂਰਨ ਕਰਜ਼ਾ ਮੁਕਤੀ ਦੀ ਮੰਗ ਕੀਤੀ। ਉਨ੍ਹਾਂ ਲੈਂਡ-ਪੂਲਿੰਗ ਨੀਤੀ ਵਾਪਸ ਲੈਣ, ਝੋਨੇ ਦੀ ਖ਼ਰੀਦ ਦੇ ਢੁੱਕਵੇਂ



ਚੰਡੀਗੜ੍ਹ ਮੋਰਚੇ ਬਾਰੇ ਚਰਚਾ ਕਰਦੇ ਹੋਏ ਕਿਸਾਨ-ਮਜ਼ਦੂਰ ਮੋਰਚਾ ਦੇ ਆਗੂ।

ਪ੍ਰਬੰਧ ਕਰਨ ਅਤੇ ਗੰਨੇ ਦਾ ਭਾਅ 550 ਰੁਪਏ ਐਲਾਨਣ ਦੀ ਮੰਗ ਵੀ ਕੀਤੀ। ਨਾਲ ਹੀ ਖੰਡ ਮਿੱਲਾਂ ਵੱਲ ਕਿਸਾਨਾਂ ਦਾ ਪੁਰਾਣਾ ਤੇ ਮੌਜੂਦਾ ਬਕਾਇਆ ਤੁਰੰਤ ਜਾਰੀ ਕਰਨ ਲਈ ਕਿਹਾ।

ਆਗੂਆਂ ਨੇ ਨਸ਼ਿਆਂ ਨਾਲ ਜੁੜੇ ਮਾਫ਼ੀਆ ਅਤੇ ਸਿਆਸੀ ਗੱਠਜੋੜ ਖ਼ਤਮ ਕਰਨ ਦੀ ਮੰਗ ਕਰਦਿਆਂ ਨਸ਼ਿਆਂ ਵਿਰੁੱਧ ਪਿੰਡਾਂ ਵਿੱਚ ਬਣ ਰਹੀਆਂ ਕਮੇਟੀਆਂ ਦੇ ਸੰਘਰਸ਼ ਦੀ ਹਮਾਇਤ ਕੀਤੀ। ਉਨ੍ਹਾਂ ਕੇਂਦਰ ਸਰਕਾਰ ਤੋਂ ਕਿਸਾਨ ਵਿਰੋਧੀ ਵਪਾਰਕ ਸਮਝੌਤੇ ਅਤੇ ਬਿਜਲੀ ਸੋਧ ਬਿੱਲ ਵਾਪਸ ਲੈਣ, ਸਮਾਰਟ ਮੀਟਰ ਲਾਉਣੇ ਬੰਦ ਕਰਨ ਅਤੇ ਸਹਿਕਾਰੀ ਕਰਜ਼ਿਆਂ ਦੀ ਵਿਆਜ ਦਰ 11 ਫ਼ੀਸਦੀ ਕਰਨ ਦਾ ਫ਼ੈਸਲਾ ਰੱਦ ਕਰਨ ਦੀ ਮੰਗ ਕੀਤੀ।

ਮੋਰਚੇ ਨੇ ਸਰਕਾਰ 'ਤੇ ਕਿਸਾਨ ਜਥੇਬੰਦੀਆਂ ਨਾਲ ਕੀਤੇ ਵਾਅਦੇ ਲਾਗੂ ਨਾ ਕਰਨ ਦਾ ਦੋਸ਼ ਲਾਇਆ। ਆਗੂਆਂ ਨੇ ਕਿਹਾ ਕਿ ਮੰਗਾਂ ਨਾ ਮੰਨੇ ਜਾਣ 'ਤੇ ਸ਼ਾਂਤਮਈ ਤੇ ਜਮਹੂਰੀ ਢੰਗ ਨਾਲ ਸੰਘਰਸ਼ ਜਾਰੀ ਰੱਖਿਆ ਜਾਵੇਗਾ।

ਪੀਸੀਐੱਸ ਭਰਤੀ ਦੀ ਨਿਰਪੱਖ ਤੇ ਪਾਰਦਰਸ਼ੀ ਜਾਂਚ ਹੋਵੇ : ਪਰਗਟ

ਕਿਹਾ, ਪ੍ਰੀਖਿਆ 'ਚ ਸ਼ਾਮਲ ਸਾਰੇ ਉਮੀਦਵਾਰਾਂ ਦੀ ਹਾਜ਼ਰੀ ਸੂਚੀ ਤੇ ਚੋਣ ਸਬੰਧੀ ਰਿਕਾਰਡ ਜਨਤਕ ਕੀਤਾ ਜਾਵੇ

ਸਟੇਟ ਬਿਊਰੋ, ਪੰਜਾਬੀ ਜਾਗਰਣ • ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ ਪੰਜਾਬ ਸਿਵਲ ਸਰਵਿਸਿਜ਼ (ਪੀਸੀਐੱਸ) ਪ੍ਰੀਖਿਆ ਦੇ ਨਤੀਜੇ 'ਤੇ ਉੱਠੇ ਸਵਾਲਾਂ ਦੇ ਮੱਦੇਨਜ਼ਰ ਭਗਵੰਤ ਮਾਨ ਸਰਕਾਰ ਤੋਂ ਭਰਤੀ ਪ੍ਰਕਿਰਿਆ ਦੀ ਨਿਰਪੱਖ ਤੇ ਪਾਰਦਰਸ਼ੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਮੀਦਵਾਰਾਂ ਨਾਲ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਹਜ਼ਾਰਾਂ ਨੌਜਵਾਨਾਂ ਦੇ ਭਵਿੱਖ ਨਾਲ ਜੁੜੇ ਇਸ ਮਾਮਲੇ 'ਤੇ ਸਰਕਾਰ ਦੀ ਚੁੱਪ ਗੰਭੀਰ ਚਿੰਤਾ ਦਾ ਵਿਸ਼ਾ ਹੈ। ਨਤੀਜਾ ਐਲਾਨੇ ਜਾਣ ਤੋਂ ਬਾਅਦ ਉਮੀਦਵਾਰਾਂ ਨੇ ਕਈ ਬੇਨਿਯਮੀਆਂ ਦਾ ਖ਼ਦਸ਼ਾ ਪ੍ਰਗਟਾਇਆ ਹੈ, ਜਿਨ੍ਹਾਂ ਬਾਰੇ ਸਰਕਾਰ ਨੂੰ ਸਪੱਸ਼ਟ ਜਵਾਬ ਦੇਣਾ ਚਾਹੀਦਾ ਹੈ।

ਪਰਗਟ ਸਿੰਘ ਨੇ ਕਿਹਾ ਕਿ ਨੌਜਵਾਨ ਪੀਸੀਐੱਸ ਪ੍ਰੀਖਿਆ ਲਈ ਸਾਲਾਂਬੱਧੀ ਮਿਹਨਤ ਕਰਦੇ ਹਨ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਉਮੀਦਾਂ ਵੀ ਇਸ ਨਾਲ ਜੁੜੀਆਂ ਹੁੰਦੀਆਂ ਹਨ। ਚੋਣ ਪ੍ਰਕਿਰਿਆ 'ਤੇ ਸਵਾਲ ਉੱਠਣ ਮਗਰੋਂ ਸਰਕਾਰ ਅਤੇ ਸਬੰਧਤ ਕਮਿਸ਼ਨ ਦੀ ਜ਼ਿੰਮੇਵਾਰੀ ਹੈ ਕਿ ਉਹ ਸ਼ੰਕੇ ਦੂਰ ਕਰਨ। ਉਨ੍ਹਾਂ ਪ੍ਰੀਖਿਆ ਵਿੱਚ ਸ਼ਾਮਲ ਸਾਰੇ ਉਮੀਦਵਾਰਾਂ ਦੀ ਪ੍ਰਮਾਣਿਤ ਹਾਜ਼ਰੀ ਸੂਚੀ, ਚੁਣੇ ਗਏ ਉਮੀਦਵਾਰਾਂ ਦੇ ਰੋਲ ਨੰਬਰ, ਸ਼੍ਰੇਣੀ ਅਤੇ ਪ੍ਰਾਪਤ ਅੰਕਾਂ ਦੇ ਨਾਲ-ਨਾਲ ਸ਼੍ਰੇਣੀਵਾਰ ਨਤੀਜਾ ਜਨਤਕ ਕਰਨ ਦੀ ਮੰਗ ਕੀਤੀ।



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪਰਗਟ ਸਿੰਘ।

ਉਨ੍ਹਾਂ ਸਵਾਲ ਕੀਤਾ ਕਿ ਜੇ ਭਰਤੀ ਪ੍ਰਕਿਰਿਆ ਨਿਰਪੱਖ ਹੈ ਤਾਂ ਸਰਕਾਰ ਨੂੰ ਪੂਰਾ ਰਿਕਾਰਡ ਜਨਤਕ ਕਰਨ ਵਿੱਚ ਕੀ ਦਿੱਕਤ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਪ੍ਰਸ਼ਾਸਨਿਕ ਸੇਵਾਵਾਂ ਦੀ ਭਰੋਸੇਯੋਗਤਾ ਅਤੇ ਭਰਤੀ ਪ੍ਰਣਾਲੀ ਵਿੱਚ ਨੌਜਵਾਨਾਂ ਦੇ ਭਰੋਸੇ ਨਾਲ ਜੁੜਿਆ ਹੋਇਆ ਹੈ। ਪੰਜਾਬ ਕਾਂਗਰਸ ਉਮੀਦਵਾਰਾਂ ਨੂੰ ਸਿਆਸੀ, ਕਾਨੂੰਨੀ ਅਤੇ ਜਮਹੂਰੀ ਸਹਿਯੋਗ ਦੇਵੇਗੀ।

ਪੰਨੂ ਨੇ ਮਜੀਠੀਆ 'ਤੇ ਕੱਸੇ ਤਨਜ਼

ਸਟੇਟ ਬਿਊਰੋ, ਜਾਗਰਣ, ਚੰਡੀਗੜ੍ਹ : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਬਿਕਰਮ



ਸਿੰਘ ਮਜੀਠੀਆ 'ਤੇ ਤਿੱਖਾ ਤਨਜ਼ ਕੱਸਿਆ ਹੈ। ਪੰਨੂ ਨੇ ਦਾਅਵਾ ਕੀਤਾ ਕਿ ਮਜੀਠੀਆ ਦੇ ਇਕ ਕਰੀਬੀ ਸਹਿਯੋਗੀ ਦੇ ਟਿਕਾਣਿਆਂ 'ਤੇ ਈਡੀ ਦੀ ਛਾਪੇਮਾਰੀ ਮਗਰੋਂ ਖ਼ੁਦ ਨੂੰ 'ਮਾਝੇ ਦਾ ਜਰਨੈਲ' ਕਹਿਣ ਵਾਲੇ ਮਜੀਠੀਆ ਕੱਲ੍ਹ ਤੋਂ ਚੁੱਪ ਹਨ। ਉਨ੍ਹਾਂ ਸਵਾਲ ਕੀਤਾ ਕਿ ਹਰ ਮੁੱਦੇ 'ਤੇ ਅਕਸਰ ਬਿਆਨ ਦੇਣ ਵਾਲੇ ਆਗੂ ਦੀ ਇਹ ਚੁੱਪੀ ਕਈ ਖ਼ਦਸ਼ੇ ਪੈਦਾ ਕਰਦੀ ਹੈ।

ਪੰਨੂ ਨੇ ਕਿਹਾ ਕਿ ਆਪੇ ਬਣੇ ਮਾਝੇ ਦੇ ਜਰਨੈਲ ਬਹੁਤ ਸ਼ਾਂਤ ਹਨ। ਉਹ ਵੱਡੀਆਂ-ਵੱਡੀਆਂ ਬਿਮਾਰੀਆਂ ਤੇ ਦਵਾਈਆਂ ਬਾਰੇ ਦੱਸਿਆ ਕਰਦੇ ਸਨ। ਉਹ ਸੀਬੀਆਈ ਅਤੇ ਈਡੀ ਦੇ ਬੁਲਾਰੇ ਬਣੇ ਹੁੰਦੇ ਸਨ। ਵੀਰਵਾਰ ਨੂੰ ਈਡੀ ਨੇ ਉਨ੍ਹਾਂ ਦੇ ਇਕ ਸਹਿਯੋਗੀ ਦੇ ਦਫ਼ਤਰ 'ਤੇ ਛਾਪਾ ਮਾਰਿਆ ਅਤੇ ਉਨ੍ਹਾਂ ਦੇ ਇਕ ਨਿੱਜੀ ਦਫ਼ਤਰ ਨੂੰ ਸੰਮਨ ਭੇਜਿਆ। ਨਾ ਕੋਈ ਪ੍ਰੈਸ ਕਾਨਫਰੰਸ, ਨਾ ਕੋਈ ਟਵੀਟ-ਇੰਨਾ ਸੰਨਾਟਾ ਕਿਉਂ ਹੈ? ਬਲਤੇਜ ਪੰਨੂ ਨੇ ਕਿਹਾ ਕਿ ਵੀਰਵਾਰ ਨੂੰ ਈਡੀ ਨੇ ਮਜੀਠੀਆ ਦੇ ਇਕ ਕਰੀਬੀ ਸਹਿਯੋਗੀ ਦੇ ਟਿਕਾਣਿਆਂ 'ਤੇ ਛਾਪਾ ਮਾਰਿਆ ਅਤੇ ਇਕ ਹੋਰ ਖ਼ਾਸ ਸਹਿਯੋਗੀ ਨੂੰ ਸੰਮਨ ਜਾਰੀ ਕੀਤਾ।

ਕਿਸਾਨਾਂ ਦੀ ਖ਼ੁਸ਼ਹਾਲੀ ਲਈ ਵਿਗਿਆਨਕ ਢੰਗ ਨਾਲ ਪਸ਼ੂ ਪ੍ਰਬੰਧਨ ਸਮੇਂ ਦੀ ਮੁੱਖ ਲੋੜ : ਖੁੱਡੀਆਂ

- ਕਿਸਾਨ ਭਵਨ ਵਿਖੇ ਕਰਵਾਇਆ ਵਿਸ਼ੇਸ਼ ਸਮਾਗਮ
- ਕਿਹਾ, ਡੇਅਰੀ ਆਰਥਿਕਤਾ ਨੂੰ ਕੀਤਾ ਜਾਵੇਗਾ ਮਜ਼ਬੂਤ

ਪੰਜਾਬੀ ਜਾਗਰਣ ਬਿਊਰੋ • ਚੰਡੀਗੜ੍ਹ : ਪੰਜਾਬ ਦੀ ਡੇਅਰੀ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਪਸ਼ੂਆਂ ਦੇ ਵਿਗਿਆਨਕ ਪ੍ਰਬੰਧਨ ਨੂੰ ਉਤਸ਼ਾਹਿਤ ਕਰਨ ਲਈ ਪਸ਼ੂ ਪਾਲਣ ਵਿਭਾਗ ਨੇ ਕਿਸਾਨ ਭਵਨ ਵਿਖੇ ਵੈਟਰਨਰੀ ਅਫ਼ਸਰਾਂ ਦਾ ਸੂਬਾ ਪੱਧਰੀ ਤਕਨੀਕੀ ਸੈਮੀਨਾਰ ਕਰਵਾਇਆ। 'ਆਧੁਨਿਕ ਪਸ਼ੂ ਪਾਲਣ ਪ੍ਰਬੰਧਨ : ਪੋਸ਼ਣ, ਬਿਮਾਰੀਆਂ ਦੀ ਰੋਕਥਾਮ, ਪ੍ਰਜਨਣ ਤੇ ਫਾਰਮਾਂ ਦੀ ਸਫਾਈ' ਵਿਸ਼ੇ 'ਤੇ ਹੋਏ ਸੈਮੀਨਾਰ ਦੀ ਪ੍ਰਧਾਨਗੀ ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੀਤੀ।

ਖੁੱਡੀਆਂ ਨੇ ਵੈਟਰਨਰੀ ਅਫ਼ਸਰਾਂ ਨੂੰ ਇਲਾਜ ਦੇ ਨਾਲ ਬਿਮਾਰੀਆਂ ਦੀ ਰੋਕਥਾਮ 'ਤੇ ਕੇਂਦਰਿਤ ਪਹੁੰਚ ਅਪਣਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਅਫ਼ਸਰ ਵਿਗਿਆਨਕ ਤਰੱਕੀ ਅਤੇ ਪੇਂਡੂ ਖੁਸ਼ਹਾਲੀ ਵਿਚਕਾਰ ਅਹਿਮ ਕੜੀ ਹਨ। ਕਿਸਾਨਾਂ ਨੂੰ ਸੰਤੁਲਿਤ ਖੁਰਾਕ, ਸੁਧਰੀ ਜੈਨੇਟਿਕ ਸਮਰੱਥਾ, ਕੁਸ਼ਲ ਪ੍ਰਜਨਣ ਪ੍ਰਬੰਧਨ, ਫਾਰਮ ਦੀ ਸਫਾਈ ਅਤੇ ਵਿਆਪਕ ਟੀਕਾਕਰਨ ਲਈ ਸੇਧ ਦੇਣੀ ਚਾਹੀਦੀ ਹੈ। ਸਮੇਂ ਸਿਰ ਰੋਕਥਾਮੀ ਸਿਹਤ ਸੰਭਾਲ ਪਸ਼ੂਆਂ ਦੀ ਸਿਹਤ, ਦੁੱਧ ਉਤਪਾਦਨ ਅਤੇ ਕਿਸਾਨਾਂ ਦੀ ਆਮਦਨ ਸੁਧਾਰਨ ਲਈ



ਕਿਸਾਨ ਭਵਨ ਵਿਖੇ ਵਿਭਾਗੀ ਅਧਿਕਾਰੀਆਂ ਨਾਲ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ • ਪੰਜਾਬੀ ਜਾਗਰਣ

ਜ਼ਰੂਰੀ ਹੈ। ਤਕਨੀਕੀ ਸੈਸ਼ਨਾਂ ਵਿੱਚ ਡਾ. ਜੀਵਨ ਗੁਪਤਾ ਨੇ ਲਾਗਤ ਪ੍ਰਬੰਧਨ, ਬਿਮਾਰੀਆਂ ਦੀ ਰੋਕਥਾਮ ਅਤੇ ਸਬ-ਕਲੀਨਿਕਲ ਅਨੀਮੀਆ, ਰੂਮਿਨਲ ਪੀਐਚ ਦੇ ਉਤਰਾਅ-ਚੜ੍ਹਾਅ ਤੇ ਫੀਡ-ਪਾਣੀ ਵਿੱਚ ਮਾਈਕੋਟੌਕਸਿਨ ਦੀ ਜਾਂਚ ਬਾਰੇ ਗੱਲ ਕੀਤੀ।

ਉਨ੍ਹਾਂ ਸਮੇਂ-ਸਮੇਂ 'ਤੇ ਹੀਮੋਗਲੋਬਿਨ ਪ੍ਰੋਫਾਈਲਿੰਗ ਅਤੇ ਟਿੱਕ ਕੰਟਰੋਲ ਲਈ ਫਲੇਮ ਗਨ ਰਾਹੀਂ ਥਰਮਲ ਰੋਗਾਣੂ-ਮੁਕਤੀ ਦੀ ਸਿਫ਼ਾਰਸ਼ ਕੀਤੀ।

ਡਾ. ਰਵਿੰਦਰ ਗਰੇਵਾਲ ਨੇ ਪੜਾਅ ਅਨੁਸਾਰ ਪੋਸ਼ਣ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਵੱਛਿਆਂ ਦੇ ਪਾਲਣ ਵਿੱਚ ਕਮੀਆਂ ਭਵਿੱਖ ਦੇ ਦੁੱਧ ਉਤਪਾਦਨ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

2023 ਦੇ ਮੁਕਾਬਲੇ 80 ਫ਼ੀਸਦੀ ਘੱਟ ਸਾੜੀ ਗਈ ਪਰਾਲੀ

ਸੀਨੀਅਰ ਰਿਪੋਰਟਰ, ਪੰਜਾਬੀ ਜਾਗਰਣ • ਪਟਿਆਲਾ : ਝੋਨੇ ਦੀ ਵਾਢੀ ਲਗਭਗ ਮੁਕੰਮਲ ਹੋਣ ਕੰਢੇ ਹੈ ਤੇ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ ਗਿਰਾਵਟ ਆਈ ਪਰ ਇਹ ਸਿਲਸਿਲਾ ਹਾਲੇ ਰੁਕਿਆ ਨਹੀਂ। ਵੀਰਵਾਰ ਨੂੰ ਸੂਬੇ 'ਚ ਪਰਾਲੀ ਸਾੜਨ ਦੇ 54 ਨਵੇਂ ਮਾਮਲੇ ਸਾਹਮਣੇ ਆਏ। ਇਸ ਦੇ ਨਾਲ ਹੀ ਇਸ ਸੀਜ਼ਨ 'ਚ 12 ਨਵੰਬਰ ਤੱਕ ਪਰਾਲੀ ਸਾੜਨ ਦੇ ਕੁੱਲ ਮਾਮਲਿਆਂ ਦੀ ਗਿਣਤੀ 5571 ਹੋ ਗਈ। ਜ਼ਿਲ੍ਹਾਵਾਰ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਫਿਰੋਜ਼ਪੁਰ 737 ਮਾਮਲਿਆਂ ਨਾਲ ਸੂਬੇ 'ਚ ਪਹਿਲੇ ਸਥਾਨ 'ਤੇ ਹੈ। ਤਰਨਤਾਰਨ 'ਚ 688, ਸੰਗਰੂਰ 'ਚ 640, ਬਠਿੰਡਾ ਵਿੱਚ 501 ਅਤੇ ਪਟਿਆਲਾ ਵਿੱਚ 380 ਮਾਮਲੇ ਦਰਜ ਕੀਤੇ ਗਏ ਹਨ। ਇਨ੍ਹਾਂ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਕੁਝ ਜ਼ਿਲ੍ਹਿਆਂ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਹਾਲੇ ਵੀ ਵੱਡੀ ਚੁਣੌਤੀ ਬਣੀਆਂ ਹੋਈਆਂ ਹਨ। ਹਾਲਾਂਕਿ ਇਸ ਸੀਜ਼ਨ 'ਚ ਪਰਾਲੀ ਸਾੜਨ ਦੇ 5571 ਮਾਮਲੇ ਸਾਲ 2024 ਅਤੇ 2023 ਦੇ ਮੁਕਾਬਲੇ ਕਾਫ਼ੀ ਘੱਟ ਹਨ। 2024 'ਚ ਇਸੇ ਸਮੇਂ ਤੱਕ 7,112 ਮਾਮਲੇ ਸਾਹਮਣੇ ਆਏ ਸਨ। ਸਾਲ 2023 ਦੇ 26,717 ਮਾਮਲਿਆਂ ਦੇ ਮੁਕਾਬਲੇ ਇਸ ਵਾਰ 80 ਫ਼ੀਸਦੀ ਘੱਟ ਪਰਾਲੀ ਸਾੜੀ ਗਈ ਹੈ। ਇਸ ਦਾ ਕਾਰਨ ਇਹ ਹੈ ਕਿ ਪ੍ਰਸ਼ਾਸਨ ਜਿੱਥੇ ਸਖ਼ਤੀ ਵਰਤ ਰਿਹਾ ਹੈ, ਉੱਥੇ ਹੀ ਜਾਗਰੂਕਤਾ ਦੇ ਯਤਨ ਵੀ ਕੀਤੇ ਜਾ ਰਹੇ ਹਨ।

ਬੀਬੀ ਜਗੀਰ ਕੌਰ 15 ਨਵੰਬਰ ਨੂੰ ਸ਼੍ਰੋਮਣੀ ਅਕਾਲੀ ਦਲ 'ਚ ਹੋਣਗੇ ਸ਼ਾਮਲ : ਸੁਖਬੀਰ ਸਿੰਘ ਬਾਦਲ

ਸੁਸ਼ੀਲ ਵਰਮਾ • ਪੰਜਾਬੀ ਜਾਗਰਣ

ਰਾਏਕੋਟ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਬੀ ਜਗੀਰ ਕੌਰ ਦੇ 15 ਨਵੰਬਰ ਨੂੰ ਪਾਰਟੀ ਵਿੱਚ ਸ਼ਾਮਲ ਹੋਣ ਦਾ ਦਾਅਵਾ ਕੀਤਾ ਹੈ। ਉਹ ਰਾਏਕੋਟ ਦੇ ਪਿੰਡ ਨੱਥੋਵਾਲ ਵਿੱਚ ਪਾਰਟੀ ਦੀ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਲੋਕ ਸੰਪਰਕ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਪ੍ਰਭਦੀਪ ਸਿੰਘ ਨੱਥੋਵਾਲ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ ਅਤੇ ਉਨ੍ਹਾਂ ਨੂੰ ਰਾਏਕੋਟ ਤੋਂ ਪਾਰਟੀ ਦਾ ਉਮੀਦਵਾਰ ਐਲਾਨ ਦਿੱਤਾ।

ਸੁਖਬੀਰ ਬਾਦਲ ਨੇ ਐਲਾਨ ਕੀਤਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਮੌਜੂਦਾ ਸਰਕਾਰ ਵੱਲੋਂ ਬੰਦ ਕੀਤੀਆਂ ਲੋਕ ਭਲਾਈ ਸਕੀਮਾਂ ਮੁੜ ਸ਼ੁਰੂ ਕੀਤੀਆਂ ਜਾਣਗੀਆਂ। ਇਨ੍ਹਾਂ ਵਿੱਚ ਚਾਰ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ 50 ਕਿਲੋ ਕਣਕ, 20 ਰੁਪਏ ਕਿਲੋ ਦਾਲਾਂ, ਸ਼ਗਨ ਸਕੀਮ ਤਹਿਤ ਇਕ ਲੱਖ ਰੁਪਏ, ਬਜ਼ੁਰਗਾਂ ਨੂੰ 3100 ਰੁਪਏ ਪੈਨਸ਼ਨ, ਨੌਜਵਾਨਾਂ ਨੂੰ ਰੁਜ਼ਗਾਰ ਲਈ ਬਿਨਾਂ ਵਿਆਜ 10 ਲੱਖ ਰੁਪਏ ਕਰਜ਼ਾ ਅਤੇ ਡੇਅਰੀ ਕਿੱਤੇ ਲਈ 75 ਫ਼ੀਸਦੀ ਸਬਸਿਡੀ ਦੇਣ ਦਾ ਵਾਅਦਾ ਸ਼ਾਮਲ ਹੈ। ਉਨ੍ਹਾਂ ਪਿੰਡ ਦੇ ਸ਼ਹੀਦਾਂ ਦੀ ਯਾਦ ਵਿੱਚ ਯਾਦਗਾਰ ਬਣਾਉਣ ਅਤੇ ਹਰ ਸਾਲ ਸਰਕਾਰੀ



ਪ੍ਰਭਦੀਪ ਸਿੰਘ ਨੱਥੋਵਾਲ ਨੂੰ ਹਲਕਾ ਰਾਏਕੋਟ ਤੋਂ ਉਮੀਦਵਾਰ ਐਲਾਨਦੇ ਹੋਏ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ । ਪੰਜਾਬੀ ਜਾਗਰਣ

ਸਮਾਗਮ ਕਰਵਾਉਣ ਦਾ ਐਲਾਨ ਵੀ ਕੀਤਾ।

ਉਨ੍ਹਾਂ ਪੰਜਾਬ ਦੀ ਮੌਜੂਦਾ ਸਥਿਤੀ ਲਈ ਆਮ ਆਦਮੀ ਪਾਰਟੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਨਸ਼ਿਆਂ ਅਤੇ ਗੈਂਗਸਟਰਵਾਦ ਦੇ ਮੁੱਦੇ 'ਤੇ ਨਿਸ਼ਾਨਾ ਸੇਧਿਆ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਕੋਲ ਲੋਕਾਂ ਨੂੰ ਸਹੂਲਤਾਂ ਦੇਣ ਲਈ ਪੈਸਾ ਨਹੀਂ, ਪਰ ਇਸ਼ਤਿਹਾਰਾਂ 'ਤੇ ਹਜ਼ਾਰਾਂ ਕਰੋੜ ਰੁਪਏ ਖਰਚੇ ਜਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਕਾਲੀ ਦਲ ਦਾ ਸਾਥ ਦੇਣ ਦੀ ਅਪੀਲ ਕੀਤੀ।

ਪ੍ਰਭਦੀਪ ਸਿੰਘ ਨੱਥੋਵਾਲ ਨੇ ਕਿਹਾ ਕਿ ਉਨ੍ਹਾਂ ਨੇ ਅਕਾਲੀ ਦਲ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਨੌਕਰੀ ਛੱਡ ਕੇ ਪਾਰਟੀ ਵਿੱਚ ਸ਼ਮੂਲੀਅਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਹਾਲੇ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਨਹੀਂ ਕੀਤਾ।

ਟੈਂਡਰ ਨੋਟਿਸ

ਕੰਟੀਨ ਸਿਵਲ ਹਸਪਤਾਲ ਲੁਧਿਆਣਾ ਦਾ ਠੇਕਾ ਇੱਕ ਸਾਲ ਤੇ ਦੇਣ ਲਈ ਸੀਲ ਬੰਦ ਟੈਂਡਰ ਦੀ ਮੰਗ ਕੀਤੀ ਜਾਂਦੀ ਹੈ। ਰਿਜ਼ਰਵ ਪ੍ਰਾਈਜ਼ 11,88,617 ਰੁਪਏ ਹੋਵੇਗਾ। ਟੈਂਡਰ ਫਾਰਮ ਸਮੇਤ ਸ਼ਰਤਾਂ ਮਿਤੀ 27-11-2026 ਤੱਕ ਕੰਮ ਵਾਲੇ ਦਿਨ ਸਵੇਰੇ 10 ਵਜੇ ਤੋਂ 04 ਵਜੇ ਤੱਕ 500/- ਰੁਪਏ ਦੇ ਕੇ ਐਮ.ਸੀ.ਐਚ ਬਿਲਡਿੰਗ ਵਿੱਚ ਬਣੇ ਕੈਸ਼ੀਅਰ ਰੂਮ ਵਿੱਚੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਟੈਂਡਰ ਕਰਤਾ 1 ਲੱਖ ਰੁਪਏ ਦਾ ਡੀ.ਡੀ., ਸੀਨੀਅਰ ਮੈਡੀਕਲ ਅਫਸਰ ਇੰਚ. ਸਿਵਲ ਹਸਪਤਾਲ ਲੁਧਿਆਣਾ ਦੇ ਨਾਂ ਦਾ ਲਗਾਵੇਗਾ। ਸੀਲ ਬੰਦ ਟੈਂਡਰ ਮਿਤੀ 01-12-2026 ਨੂੰ 01:00 ਵਜੇ ਤੱਕ ਨਿਮਨਹਸਤਾਖਰ ਦੇ ਰੂਮ ਵਿੱਚ ਰੱਖੇ ਟੈਂਡਰ ਬਾਕਸ ਵਿੱਚ ਪਹੁੰਚ ਜਾਣੇ ਚਾਹੀਦੇ ਹਨ। 01:00 ਵਜੇ ਤੋਂ ਬਾਅਦ ਕੋਈ ਵੀ ਸੀਲ ਬੰਦ ਟੈਂਡਰ ਨਹੀਂ ਲਿਆ ਜਾਵੇਗਾ। ਜੇਕਰ ਮਿਤੀ 01-12-2026 ਦੀ ਸਰਕਾਰੀ ਛੁੱਟੀ ਹੋ ਜਾਂਦੀ ਹੈ ਤਾਂ ਅਗਲੇ ਵਰਕਿੰਗ ਡੇ ਵਾਲੇ ਦਿਨ ਉਪਰੋਕਤ ਸਮੇਂ ਅਨੁਸਾਰ ਸੀਲ ਬੰਦ ਟੈਂਡਰ ਲਏ ਜਾਣਗੇ। ਸੀਲ ਬੰਦ ਟੈਂਡਰ ਮਿਤੀ 01-12-2026 ਨੂੰ ਦੁਪਹਿਰ 02.00 ਵਜੇ ਗਠਿਤ ਕਮੇਟੀ ਦੁਆਰਾ ਟੈਂਡਰ ਕਰਤਾਵਾਂ ਦੇ ਸਾਹਮਣੇ ਖੋਲ੍ਹੇ ਜਾਣਗੇ। ਜੇਕਰ ਕੋਈ ਟੈਂਡਰ ਕਰਤਾ ਹਾਜ਼ਰ ਨਹੀਂ ਹੁੰਦਾ ਤਾਂ ਕਮੇਟੀ ਸੀਲ ਬੰਦ ਟੈਂਡਰ ਖੋਲ੍ਹਣ ਲਈ ਪਾਬੰਦ ਰਹੇਗੀ।

ਨੋਟ : ਟੈਂਡਰ ਬਿਨਾਂ ਕਾਰਨ ਦੱਸੇ ਕਮੇਟੀ ਦੁਬਾਰਾ ਰੱਦ ਕੀਤੇ ਜਾ ਸਕਦੇ ਹਨ।

ਸੀਨੀਅਰ ਮੈਡੀਕਲ ਅਫਸਰ
ਇੰਚ.ਸਿਵਲ ਹਸਪਤਾਲ ਲੁਧਿਆਣਾ।

ਕੈਬਨਿਟ ਮੰਤਰੀਆਂ ਦੀਆਂ ਸੀਟਾਂ 'ਤੇ ਭੇਤ ਬਰਕਰਾਰ

- ਦੂਜੀਆਂ ਪਾਰਟੀਆਂ ਦੇ ਦਿੱਗਜਾਂ ਦੇ ਮੁਕਾਬਲੇ ਮੰਤਰੀ ਉਤਾਰਨ ਦੀ ਰਣਨੀਤੀ 'ਚ 'ਆਪ'
- ਕੈਬਨਿਟ ਮੰਤਰੀਆਂ ਦੀਆਂ ਟਿਕਟਾਂ ਤੀਜੀ ਤੇ ਚੌਥੀ ਸੂਚੀ 'ਚ ਐਲਾਨਣ ਦੀ ਤਿਆਰੀ
- ਮਾਲਵਾ ਦੇ ਤਿੰਨ ਮੰਤਰੀਆਂ ਦੇ ਹਲਕੇ ਬਦਲਣ 'ਤੇ ਵੀ ਹੋ ਰਿਹਾ ਵਿਚਾਰ

ਸਟੇਟ ਬਿਊਰੋ, ਜਾਗਰਣ • ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਚੋਣਾਂ 2027 ਲਈ ਆਮ ਆਦਮੀ ਪਾਰਟੀ (ਆਪ) ਨੇ 117 'ਚੋਂ 71 ਸੀਟਾਂ 'ਤੇ ਉਮੀਦਵਾਰਾਂ ਦਾ ਐਲਾਨ ਕਰ ਕੇ ਚੋਣ ਤਿਆਰੀਆਂ 'ਚ ਦੂਜੀਆਂ ਪਾਰਟੀਆਂ ਤੋਂ ਬੜ੍ਹਤ ਬਣਾ ਲਈ ਹੈ। ਹਾਲਾਂਕਿ, ਪਾਰਟੀ ਨੇ ਕੈਬਨਿਟ ਮੰਤਰੀਆਂ ਦੀਆਂ ਸੀਟਾਂ ਬਾਰੇ ਅਜੇ ਭੇਤ ਬਰਕਰਾਰ ਰੱਖਿਆ ਹੈ। ਦੂਜੇ ਪਾਸੇ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਦੇ ਉਮੀਦਵਾਰਾਂ ਦਾ ਐਲਾਨ ਅਜੇ ਬਾਕੀ ਹੈ। ਕਾਂਗਰਸ ਉਮੀਦਵਾਰਾਂ ਬਾਰੇ ਸਰਵੇ ਰਿਪੋਰਟ ਤਿਆਰ ਕਰ ਰਹੀ ਹੈ, ਜਦਕਿ ਸੰਭਾਵੀ ਗਠਜੋੜ ਕਾਰਨ ਭਾਜਪਾ ਤੇ ਅਕਾਲੀ ਦਲ ਦੀਆਂ ਸੂਚੀਆਂ ਵੀ ਲਟਕੀਆਂ ਹੋਈਆਂ ਹਨ।

ਆਮ ਆਦਮੀ ਪਾਰਟੀ ਹੁਣ ਤੱਕ ਦੋ ਸੂਚੀਆਂ ਜਾਰੀ ਕਰ ਚੁੱਕੀ ਹੈ। ਪਹਿਲੀ ਸੂਚੀ 31 ਅਕਤੂਬਰ ਨੂੰ ਜਾਰੀ ਕੀਤੀ ਗਈ ਸੀ, ਜਿਸ 'ਚ 40 ਨਾਂ ਸਨ। ਦੂਜੀ ਸੂਚੀ 12 ਨਵੰਬਰ ਨੂੰ ਆਈ, ਜਿਸ 'ਚ 31 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ। ਦੋਵਾਂ ਸੂਚੀਆਂ 'ਚ ਜ਼ਿਆਦਾਤਰ ਮੌਜੂਦਾ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਨੂੰ ਥਾਂ ਮਿਲੀ ਹੈ, ਪਰ ਮੰਤਰੀਆਂ ਦੇ ਨਾਂਵਾਂ ਦਾ ਐਲਾਨ ਨਹੀਂ ਕੀਤਾ ਗਿਆ। ਸਿਆਸੀ ਹਲਕਿਆਂ 'ਚ ਚਰਚਾ ਹੈ ਕਿ ਪਾਰਟੀ ਮੰਤਰੀਆਂ ਦੀ ਕਾਰਗੁਜ਼ਾਰੀ ਅਤੇ ਸਰਵੇ ਰਿਪੋਰਟਾਂ ਦੇ ਆਧਾਰ 'ਤੇ ਫ਼ੈਸਲਾ ਲੈਣਾ ਚਾਹੁੰਦੀ ਹੈ। ਦੂਜੀ ਸੂਚੀ 'ਚ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਟਿਕਟ ਕੱਟੇ ਜਾਣ ਨੂੰ ਵੀ ਇਸੇ ਕੜੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਪਾਰਟੀ ਸੂਤਰਾਂ ਮੁਤਾਬਕ ਲੀਡਰਸ਼ਿਪ ਨੇ ਰਣਨੀਤੀ ਬਣਾਈ ਹੈ ਕਿ ਮੰਤਰੀਆਂ ਦੇ ਨਾਂਵਾਂ ਦਾ ਐਲਾਨ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀਏਸੀ) ਵੱਲੋਂ ਜਾਰੀ ਕੀਤੀਆਂ ਜਾਣ ਵਾਲੀਆਂ ਤੀਜੀ ਅਤੇ ਚੌਥੀ ਸੂਚੀ 'ਚ ਕੀਤਾ ਜਾਵੇਗਾ। ਇਸ ਪਿੱਛੇ ਇਕ ਕਾਰਨ ਦੂਜੀਆਂ ਪਾਰਟੀਆਂ ਦੇ ਵੱਡੇ ਆਗੂਆਂ ਦੇ ਚੋਣ ਮੈਦਾਨ 'ਚ ਉਤਰਨ ਦੀ ਉਡੀਕ ਕਰਨਾ ਵੀ ਦੱਸਿਆ ਜਾ ਰਿਹਾ ਹੈ। ਸੰਭਾਵਨਾ ਹੈ ਕਿ 'ਆਪ' ਆਪਣੇ ਕੱਦਾਵਰ ਮੰਤਰੀਆਂ ਨੂੰ ਵਿਰੋਧੀ ਪਾਰਟੀਆਂ ਦੇ ਦਿੱਗਜ ਆਗੂਆਂ ਦੇ ਮੁਕਾਬਲੇ ਉਤਾਰ ਕੇ ਸਿਆਸੀ ਤਾਕਤ ਦਾ ਪ੍ਰਦਰਸ਼ਨ ਕਰੇ। ਇਸ ਤੋਂ ਇਲਾਵਾ ਮਾਲਵਾ ਖੇਤਰ ਦੇ ਤਿੰਨ ਮੰਤਰੀਆਂ ਦੇ ਹਲਕੇ ਬਦਲਣ 'ਤੇ ਵੀ ਵਿਚਾਰ ਹੋ ਰਿਹਾ ਹੈ। ਹਾਲਾਂਕਿ, ਜ਼ਿਆਦਾਤਰ ਮੰਤਰੀ ਆਪਣੇ ਮੌਜੂਦਾ ਹਲਕੇ ਛੱਡਣ ਦੇ ਹੱਕ 'ਚ ਨਹੀਂ ਹਨ। ਪਾਰਟੀ ਖੇਤਰਵਾਰ ਸੰਤੁਲਨ ਬਣਾਉਣ ਅਤੇ ਵੱਧ ਜ਼ਿਲ੍ਹਿਆਂ 'ਚ ਆਪਣੇ ਵੱਡੇ ਚਿਹਰੇ ਉਤਾਰਨ ਦੀ ਰਣਨੀਤੀ 'ਤੇ ਕੰਮ ਕਰ ਰਹੀ ਹੈ।

ਖੁੱਡੀਆਂ ਦੀ ਟਿਕਟ ਬਾਰੇ ਮਾਨ ਨੇ ਕਿਹਾ ਕਿ ਪਾਰਟੀ ਤੈਅ ਕਰਦੀ ਹੈ ਕਿ ਕਿਸੇ ਆਗੂ ਨੂੰ ਚੋਣ ਲੜਾਉਣਾ ਹੈ ਜਾਂ ਸੰਗਠਨ 'ਚ ਜ਼ਿੰਮੇਵਾਰੀ ਦੇਣੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਹੁਕਮ 'ਤੇ ਉਨ੍ਹਾਂ ਨੇ ਪਹਿਲਾਂ ਜਲਾਲਾਬਾਦ ਅਤੇ ਫਿਰ ਧੂਰੀ ਤੋਂ ਚੋਣ ਲੜੀ ਸੀ। ਹੁਣ ਵੀ ਪਾਰਟੀ ਨੇ ਜੋ ਜ਼ਿੰਮੇਵਾਰੀ ਦਿੱਤੀ ਹੈ, ਉਹ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਪਾਰਟੀ ਨੇ ਖੁੱਡੀਆਂ ਨੂੰ ਕੋਈ ਹੋਰ ਜ਼ਿੰਮੇਵਾਰੀ ਦੇਣ ਦਾ ਫ਼ੈਸਲਾ ਕੀਤਾ ਹੈ ਤਾਂ ਇਹ ਠੀਕ ਹੈ।

ਕੁਝ ਹਲਕਿਆਂ 'ਚ ਟਿਕਟਾਂ ਦੇ ਐਲਾਨ ਤੋਂ ਬਾਅਦ ਆਗੂਆਂ ਦੀ ਨਾਰਾਜ਼ਗੀ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਕੁਝ ਵਰਕਰ ਭਾਵੁਕ ਹੋ ਜਾਂਦੇ ਹਨ। ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਪਾਰਟੀ ਕੋਈ ਵੀ ਫ਼ੈਸਲਾ ਕਈ ਪੱਧਰਾਂ 'ਤੇ ਵਿਚਾਰ-ਵਟਾਂਦਰੇ ਤੋਂ ਬਾਅਦ ਹੀ ਲੈਂਦੀ ਹੈ।

ਸਰਵੇ ਰਿਪੋਰਟ ਤੇ ਪਾਰਟੀ 'ਚ ਸਰਗਰਮੀ ਦੇ ਆਧਾਰ 'ਤੇ ਤੈਅ ਹੋ ਰਹੀਆਂ ਹਨ ਟਿਕਟਾਂ : ਭਗਵੰਤ ਸਿੰਘ ਮਾਨ

ਮੰਤਰੀਆਂ ਦੀਆਂ ਟਿਕਟਾਂ ਅਤੇ ਗੁਰਮੀਤ ਸਿੰਘ ਖੁੱਡੀਆਂ ਦੀ ਟਿਕਟ ਕੱਟੇ ਜਾਣ ਬਾਰੇ ਪੁੱਛਣ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਾਰਟੀ ਉਮੀਦਵਾਰਾਂ ਦਾ ਫ਼ੈਸਲਾ ਸਰਵੇ ਰਿਪੋਰਟਾਂ ਅਤੇ ਪਾਰਟੀ 'ਚ ਉਨ੍ਹਾਂ ਦੀ ਸਰਗਰਮੀ ਦੇ ਆਧਾਰ 'ਤੇ ਕਰ ਰਹੀ ਹੈ। ਇਸ ਬਾਰੇ ਵਿਚਾਰ-ਵਟਾਂਦਰਾ ਜਾਰੀ ਹੈ ਅਤੇ ਜਲਦੀ ਹੀ ਮੰਤਰੀਆਂ ਦੇ ਨਾਂ ਵੀ ਸੂਚੀ 'ਚ ਆ ਜਾਣਗੇ।

ਭਾਜਪਾ ਆਈ ਤਾਂ ਔਰਤਾਂ ਨੂੰ ਹਰੇਕ ਮਹੀਨੇ ਦਿਆਂਗੇ 2100 ਰੁਪਏ : ਸੈਣੀ

ਤੇਜਿੰਦਰ ਕੌਰ ਥਿੰਦ • ਪੰਜਾਬੀ ਜਾਗਰਣ

- ਗਰੀਬ ਪਰਿਵਾਰਾਂ ਨੂੰ 500 ਰੁਪਏ 'ਚ ਗੈਸ ਸਿਲੰਡਰ ਦੇਣ ਦਾ ਵੀ ਕੀਤਾ ਐਲਾਨ
- ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਵਾਅਦੇ ਪੂਰੇ ਨਾ ਕਰਨ ਦੇ ਲਾਏ ਦੋਸ਼

ਜਲੰਧਰ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਐਲਾਨ ਕੀਤਾ ਹੈ ਕਿ



ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ 'ਤੇ ਯੋਗ ਔਰਤਾਂ ਦੇ ਖਾਤਿਆਂ ਵਿੱਚ ਹਰ ਮਹੀਨੇ 2100 ਰੁਪਏ ਦੀ ਆਰਥਿਕ ਸਹਾਇਤਾ ਪਾਈ ਜਾਵੇਗੀ। ਇਸ ਤੋਂ ਇਲਾਵਾ ਗਰੀਬ ਅਤੇ ਯੋਗ ਪਰਿਵਾਰਾਂ ਨੂੰ 500 ਰੁਪਏ ਵਿੱਚ ਐੱਲਪੀਜੀ ਗੈਸ ਸਿਲੰਡਰ ਮੁਹੱਈਆ ਕਰਵਾਇਆ ਜਾਵੇਗਾ। ਉਹ ਜਲੰਧਰ ਦੇ ਅਰਜੁਨ ਨਗਰ ਸਥਿਤ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਵਿੱਚ ਕਰਵਾਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਨਾਇਬ ਸਿੰਘ ਸੈਣੀ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਵਿੰਨ੍ਹਦਿਆਂ ਦੋਸ਼ ਲਾਇਆ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਕਰਨ ਵਿੱਚ ਸਰਕਾਰ ਨਾਕਾਮ ਰਹੀ ਹੈ। ਉਨ੍ਹਾਂ ਹਰਿਆਣਾ ਵਿੱਚ ਭਾਜਪਾ ਸਰਕਾਰ ਵੱਲੋਂ ਕੀਤੇ ਕੰਮਾਂ ਦਾ ਵੀ ਜ਼ਿਕਰ ਕੀਤਾ।

ਤਰੁਣ ਭੰਡਾਰੀ ਵੀ ਪੁੱਜੇ

ਇਹ ਸਮਾਗਮ ਭਾਜਪਾ ਯੁਵਾ ਮੋਰਚਾ ਦੇ ਸਪੋਰਟਸ ਸੈੱਲ ਪੰਜਾਬ ਦੇ ਸਹਿ-ਕਨਵੀਨਰ ਨਿਯੁਕਤ ਹੋਏ ਅਰੁਣ ਕਾਲੀਆ ਦੀ ਨਿਯੁਕਤੀ ਦੀ ਖ਼ੁਸ਼ੀ ਵਿੱਚ ਸਹਿਯੋਗ ਵੈੱਲਫੇਅਰ ਸੁਸਾਇਟੀ ਵੱਲੋਂ ਕਰਵਾਇਆ ਗਿਆ ਸੀ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਦੇ ਸਿਆਸੀ ਸਕੱਤਰ ਤਰੁਣ ਭੰਡਾਰੀ ਵੀ ਮੌਜੂਦ ਸਨ।

ਪੰਜਾਬ ਐਂਡ ਸਿੰਧ ਬੈਂਕ (ਭਾਰਤ ਸਰਕਾਰ ਦਾ ਅਦਾਰਾ) Punjab & Sind Bank (A Govt. of India Undertaking)
ਜਿੱਥੇ ਸੇਵਾ ਹੀ ਜੀਵਨ ਉਦੇਸ਼ ਹੈ

ਰੀਜਨਲ ਆਫ਼ਿਸ: ਪਟਿਆਲਾ
ਰਾਜਬਾਹਾ ਰੋਡ, ਪਟਿਆਲਾ-147001

ਬਲਾਕ ਭੁਨਰਹੇੜੀ ਵਿਖੇ ਐਫ਼.ਐਲ.ਸੀ. (FLC) ਕੌਂਸਲਰ ਲਈ ਸੇਵਾਮੁਕਤ ਬੈਂਕ ਅਧਿਕਾਰੀਆਂ ਦੀਆਂ ਸੇਵਾਵਾਂ ਲੈਣ ਸਬੰਧੀ

ਪੰਜਾਬ ਐਂਡ ਸਿੰਧ ਬੈਂਕ, ਰੀਜਨਲ ਆਫ਼ਿਸ ਪਟਿਆਲਾ ਵੱਲੋਂ ਵਿੱਤੀ **ਸਾਖਰਤਾ ਕੇਂਦਰਾਂ (Financial Literacy Centres)** ਲਈ ਠੇਕੇ ਦੇ ਅਧਾਰ 'ਤੇ ਕੌਂਸਲਰ ਦੀ ਅਸਾਮੀ ਲਈ ਸੇਵਾਮੁਕਤ ਬੈਂਕ ਅਧਿਕਾਰੀਆਂ (ਸਕੇਲ 2 ਅਤੇ ਇਸ ਤੋਂ ਉੱਪਰ) ਪਾਸੋਂ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ, ਜਿਨ੍ਹਾਂ ਦੀ ਉਮਰ 65 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਕੌਂਸਲਰ ਵਜੋਂ ਮੁੱਖ ਕੰਮ ਆਮ ਲੋਕਾਂ ਨੂੰ **ਵਿੱਤੀ ਸਾਖਰਤਾ** ਪ੍ਰਦਾਨ ਕਰਨਾ ਹੈ, ਜੋ ਕਿ ਸ਼ੁਰੂਆਤ ਵਿੱਚ **ਬਲਾਕ ਭੁਨਰਹੇੜੀ** ਵਿਖੇ 1 ਸਾਲ ਦੇ ਠੇਕੇ 'ਤੇ ਹੋਵੇਗਾ। ਹੋਰ ਵਧੇਰੇ ਜਾਣਕਾਰੀ ਲਈ ਚਾਹਵਾਨ ਉਮੀਦਵਾਰ **ਪੰਜਾਬ ਐਂਡ ਸਿੰਧ ਬੈਂਕ, ਰੀਜਨਲ ਆਫ਼ਿਸ ਰਾਜਬਾਹਾ ਰੋਡ, ਪਟਿਆਲਾ** ਵਿਖੇ ਜਾ ਸਕਦੇ ਹਨ ਜਾਂ ਬੈਂਕ ਦੀ ਵੈੱਬਸਾਈਟ www.punjabandsindbank.bank.in (RECRUITMENT) 'ਤੇ ਜਾ ਕੇ ਦੇਖ ਸਕਦੇ ਹਨ। ਅਰਜ਼ੀ ਫਾਰਮ ਜਮ੍ਹਾ ਕਰਵਾਉਣ ਦੀ ਆਖ਼ਰੀ ਮਿਤੀ 30.09.2026 ਹੈ। ਸੰਪਰਕ ਨੰਬਰ: 0175-5030771, 5030800

SATIA INDUSTRIES LIMITED

Regd. Office & Mill :VPO Rupana, Distt. Shri Muktsar Sahib 152032 (Punjab) India, CIN : L21012PB1980PLC004329, Phone No : 01633-262215, Website : www.satiagroup.com, E Mail: satiapaper@satiagroup.com

UNAUDITED FINANCIAL RESULTS FOR THE QUARTER AND YEAR ENDED 30TH SEPTEMBER, 2026

The Unaudited (Standalone) Financial Results of the Company for the Quarter and Year ended 30th September, 2026 have been reviewed by The Audit Committee and approved by the Board of Directors of the Company at their respecting meeting held on 13th November 2026. The full Unaudited Financial Results along with the Limited Review Report are available on the websites of the Stok Exchanges at www.bseindia.com and www.nseindia.com.

The Results have been posted at the website of the company https://www.satiagroup.com/wp-content/uploads/2026/11/Outcome-13.11.2026.pdf and can be accessed by scanning given QR code.

The above information is in accordance with Regulation 33 read with Regulation 47(1) of amended SEBI (Listing Obligation and Disclosure Requirements) Regulations, 2015.

Date: 13-11-2026
Place: Chandigarh

By Order of the Board of Directors
For Satia Industries Limited
Sd/-(Rajinder Kumar Bhandari)
Joint Managing Director